# ਸੰਵਾਦ


ISSN : 2395-1273

www.sanvad.org

ਵਿਸ਼ੇਸ਼ ਅੰਕ

## ਬਿਰਤਾਂਤ ਦੀ ਜੰਗ

ਜੁਲਾਈ-ਦਸੰਬਰ 2024
20 ਵਾਂ ਅੰਕ



ESTD. 1892

ਪੰਜਾਬੀ ਅਧਿਐਨ ਵਿਭਾਗ

ਖ਼ਾਲਸਾ ਕਾਲਜ ਅੰਮ੍ਰਿਤਸਰ

# ਸੰਵਾਦ

ISSN : 2395-1273

ਪੰਜਾਬੀ ਰੈਫ਼ਰੀਡ ਰਿਸਰਚ ਜਰਨਲ

A Peer Reviewed Punjabi Research Journal

ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ

ਛਿਮਾਹੀ ਖੋਜ ਰਸਾਲਾ

ਜੁਲਾਈ-ਦਸੰਬਰ 2024

ਅੰਕ-20ਵਾਂ

**ਵਿਸ਼ੇਸ਼ ਅੰਕ**

**ਬਿਰਤਾਂਤਾਂ ਦੀ ਜੰਗ**

**ਸਰਪ੍ਰਸਤ**

ਡਾ. ਮਹਿਲ ਸਿੰਘ


ਪ੍ਰਿੰਸੀਪਲ, ਖ਼ਾਲਸਾ ਕਾਲਜ ਅੰਮ੍ਰਿਤਸਰ

**ਮੁੱਖ ਸੰਪਾਦਕ**

ਡਾ. ਮਹਿਲ ਸਿੰਘ

**ਸੰਪਾਦਕ**

ਡਾ. ਆਤਮ ਸਿੰਘ ਰੰਧਾਵਾ



ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ

**ਖ਼ਾਲਸਾ ਕਾਲਜ ਅੰਮ੍ਰਿਤਸਰ**-143002

# Sanvad

**(Dialogic)**

**PUNJABI REFEREED RESEARCH JOURNAL**

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org

**Patron & Chief Editor:**
***Dr. Mehal Singh***
**+91 85288-28200**

**Editor:**
***Dr. Atam Singh Randhawa***
**+91 98722-17273**

**ISSN : 2395-1273** | **July-December 2024**



**ਸਲਾਹਕਾਰ ਬੋਰਡ**

**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**
ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਸੁਰਜੀਤ ਸਿੰਘ**
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**
ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਪ੍ਰੋ. (ਡਾ.) ਰਵੀ ਰਵਿੰਦਰ**
ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**
ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**
ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ


**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**


**ਚੰਦਾ ਭੇਜਣ ਤੇ ਮਿਲਣ ਦਾ ਪਤਾ**
**ਪ੍ਰਿੰਸੀਪਲ**
**ਖ਼ਾਲਸਾ ਕਾਲਜ, ਅੰਮ੍ਰਿਤਸਰ**
khalsacollegeamritsar@yahoo.com
www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 3000 |
| **ਪੰਜ ਸਾਲਾ** | : ₹ 1500 |
| **ਇਹ ਅੰਕ** | : ₹ 200 |

Online Payment: **A/c : 3397000100467796 IFSC : PUNB0339700**
Punjab National Bank Kot Khalsa, Amritsar



**© Principal, Khalsa College Amritsar**



**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 10ਵਾਂ, ਅੰਕ - 20ਵਾਂ ||| ਜੁਲਾਈ-ਦਸੰਬਰ 2024**

## ਤਤਕਰਾ


- **ਸੰਪਾਦਕੀ** 5-7
- **ਬਿਰਤਾਂਤਾਂ ਦੀ ਜੰਗ ਤੋਂ ਨਵੀਨਤਾ ਲਈ ਸੰਘਰਸ਼ ਤਕ : ਨਵੇਂ ਯੁੱਗ ਦੀ ਆਮਦ** 9-17
  ਅਮਰਜੀਤ ਸਿੰਘ ਗਰੇਵਾਲ
- **ਸ਼ਬਦੀ-ਬਿਰਤਾਂਤ : ਨੀਤੀਆਂ ਤੇ ਰਮਜ਼ਾਂ** 18-23
  ਡਾ. ਮਹਿਲ ਸਿੰਘ
- **ਮੀਡੀਆ ਤੇ ਰਾਜਨੀਤਕ ਬਿਰਤਾਂਤ** 24-31
  ਡਾ. ਜਗਰੂਪ ਸਿੰਘ ਸੇਖੋਂ
- **ਪੰਜਾਬ ਨਵੀਂ ਕਹਾਣੀ ਦੀ ਤਲਾਸ਼ ਵਿਚ** 32-34
  ਡਾ. ਰਾਜਿੰਦਰ ਪਾਲ ਸਿੰਘ ਬਰਾੜ
- **ਪੰਜਾਬ ਦੇ ਸਰੋਕਾਰ ਤੇ ਸਮੱਸਿਆਵਾਂ : ਚੁਣੌਤੀਆਂ ਤੇ ਸਮਾਧਾਨ** 35-44
  ਡਾ. ਮਨਮੋਹਨ
- **ਪਰੌਮਿਸਡ ਲੈਂਡ : ਬੈਟਲ ਆਫ ਨੈਰੇਟਿਵ** 45-55
  ਡਾ. ਪਰਮਜੀਤ ਸਿੰਘ ਢੀਂਗਰਾ
- **ਬਿਰਤਾਂਤਾਂ ਦੀ ਜੰਗ ਤੇ ਪੰਜਾਬ ਦੇ ਬਿਰਤਾਂਤ : ਅਤੀਤ ਤੇ ਵਰਤਮਾਨ** 56-67
  ਡਾ. ਆਤਮ ਸਿੰਘ ਰੰਧਾਵਾ
- **ਇਜ਼ਰਾਇਲ-ਫਲਸਤੀਨ ਮਸਲਾ ਅਤੇ ਐਡਵਰਡ ਸਈਦ** 68-83
  ਡਾ. ਯਾਦਵਿੰਦਰ ਸਿੰਘ
- **ਬਿਰਤਾਂਤਾਂ ਦੇ ਮੁਕਾਬਲੇ ਦੇ ਦੌਰ ਵਿਚ ਪੰਜਾਬ ਬਿਰਤਾਂਤ** 84-90
  ਭਾਈ ਹਰਿਸਿਮਰਨ ਸਿੰਘ
- **ਬਿਰਤਾਂਤਾਂ ਦੀ ਜੰਗ ਦੇ ਸੰਦਰਭ ਵਿਚ ਮਿਥ-ਬਿਰਤਾਂਤ : ਪਨਰ-ਸਿਰਜਣਾ ਅਤੇ ਪ੍ਰਯੋਗ** 91-98
  ਡਾ. ਹਰਿੰਦਰ ਕੌਰ ਸੋਹਲ
- **ਪੇਂਡੂ ਪੰਜਾਬ ਤੋਂ ਅੰਤਰਰਾਸ਼ਟਰੀ ਪਰਵਾਸ ਦਾ ਖੇਤਰ-ਵਾਰ ਵਿਸ਼ਲੇਸ਼ਣ** 99-123
  ਗਿਆਨ ਸਿੰਘ, ਧਰਮਪਾਲ, ਗੁਰਿੰਦਰ ਕੌਰ, ਜੋਤੀ, ਸੁਖਵੀਰ ਕੌਰ, ਰੁਪਿੰਦਰ ਕੌਰ

❑ **ਬਿਰਤਾਂਤ ਸਿਰਜਣ ਦੀ ਜੰਗ**
(**ਸੱਤਾ, ਲੋਕ ਮਨ ਅਤੇ ਪੰਜਾਬ ਦੀ ਅਕਾਦਮਿਕਤਾ ਦੇ ਬਿਰਤਾਂਤ ਦੀ ਜੰਗ ਦੇ ਹਵਾਲੇ ਨਾਲ**) 124-129
ਡਾ. ਗੁਰਦੀਪ ਸਿੰਘ

❑ **ਦਲਿਤ ਬਿਰਤਾਂਤ ਅਤੇ ਰਣਜੀਤ ਗੁਹਾ ਦਾ ਸਬਾਲਟਰਨ ਪਰਿਪੇਖ** 130-137
ਬਲਜਿੰਦਰ ਸਿੰਘ

❑ **ਅੱਲਾਂ ਰਾਹੀਂ ਪਿੰਡਾਂ ਵਿਚ ਬਿਰਤਾਂਤ ਸਿਰਜਣਾ** 138-145
ਡਾ. ਦਯਾ ਸਿੰਘ

❑ **ਭਾਸ਼ਾ-ਪਰਿਵਾਰਾਂ ਦੀ ਨਿਰਮਾਣ ਪ੍ਰਕਿਰਿਆ ਸਬੰਧੀ ਪ੍ਰਚਲਿਤ ਮਤ ਦਾ ਵਿਸ਼ਲੇਸ਼ਣ** 146-165
ਵਰਿੰਦਰ ਖੁਰਾਣਾ

**ਪੁਸਤਕ ਰੀਵਿਊ :** 166-172

- **ਹੋਇਆ ਦੇਸ ਪਰਾਇਆ (ਨਾਵਲ)** : ਅਵਤਾਰ ਸਿੰਘ ਬਿਲਿੰਗ
- **ਮੁਹਾਜ਼ (ਨਾਵਲ)** : ਨਛੱਤਰ
- **1919 ਦਾ ਦੁਖਾਂਤ ਸਿੱਖਾਂ ਦਾ ਅਨੁਭਵ, ਦ੍ਰਿਸ਼ਟੀਕੋਣ ਅਤੇ ਪ੍ਰਤੀਕਰਮ (ਇਤਿਹਾਸ)** : ਜੋਗਿੰਦਰ ਸਿੰਘ
- **ਮਿੱਟੀ ਬੋਲ ਪਈ ਦਾ ਸਮਾਜਿਕ ਤੇ ਸਾਹਿਤਕ ਵਿਸ਼ਲੇਸ਼ਣ (ਆਲੋਚਨਾ)** : ਡਾ. ਮਹਿਲ ਸਿੰਘ

◈


ISSN : 2395-1273



# ਬਿਰਤਾਂਤਾਂ ਦੀ ਜੰਗ ਤੇ ਪੰਜਾਬ ਦੇ ਬਿਰਤਾਂਤ

## ਅਤੀਤ ਤੇ ਵਰਤਮਾਨ

**ਡਾ. ਆਤਮ ਸਿੰਘ ਰੰਧਾਵਾ**

ਮੁਖੀ, ਪੰਜਾਬੀ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ
✆ 98722-17273

ਪੰਜਾਬ ਨਿਰੰਤਰ ਬਦਲਦੀਆਂ ਸਰਹੱਦਾਂ ਅਤੇ ਹਕੂਮਤਾਂ ਨੂੰ ਹੰਢਾਉਂਦਾ ਰਿਹਾ ਹੈ। ਇਸ ਖਿੱਤੇ ਦਾ ਲੜਾਈਆਂ-ਝਗੜਿਆਂ ਵਾਲਾ ਲੰਮਾ ਇਤਿਹਾਸ ਰਿਹਾ ਹੈ, ਜਿਸਨੇ ਇਸ ਖਿੱਤੇ ਨੂੰ ਵਿਸ਼ੇਸ਼ ਆਕਾਰ ਤੇ ਵਿਹਾਰ ਦਿੱਤਾ। ਇਹ ਵੱਖ-ਵੱਖ ਕੌਮੀਅਤਾਂ, ਧਰਮਾਂ, ਜਾਤਾਂ, ਜਮਾਤਾਂ, ਪਰਸਪਰ-ਵਿਰੋਧਾਂ ਅਤੇ ਵੱਖ-ਵੱਖ ਦ੍ਰਿਸ਼ਟੀਕੋਣਾਂ ਦਾ ਸਥਲ ਰਿਹਾ ਹੈ। ਇਸੇ ਲਈ ਲੰਮੇ ਸਮੇਂ ਤੋਂ ਪੰਜਾਬ ਬਾਰੇ ਵੱਖ-ਵੱਖ ਗੁੰਝਲਦਾਰ ਬਿਰਤਾਤਾਂ ਦੇ ਬਹੁਪੱਖੀ ਸੰਘਰਸ਼ ਚਲਦੇ ਰਹੇ ਹਨ। ਇਸ ਧਰਤ ਬਾਰੇ 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿਮਾਂ' ਦਾ ਕਥਨ ਨਿਰੰਤਰ ਜੰਗਾਂ ਦੇ ਇਤਿਹਾਸ ਅਤੇ ਇਥੋਂ ਦੇ ਸਿਆਸੀ ਤੇ ਸਮਾਜ-ਸਭਿਆਚਾਰਕ ਤਣਾਵਾਂ ਨੂੰ ਦਰਸਾਉਂਦਾ ਹੈ। ਵੱਖ-ਵੱਖ ਸਮੇਂ ਸਿਰਜੇ ਜਾਂਦੇ ਰਹੇ ਬਿਰਤਾਂਤਾਂ ਤੇ ਪ੍ਰਤੀ-ਬਿਰਤਾਂਤਾਂ ਨੇ ਪੰਜਾਬ ਦੇ ਪਛਾਣ-ਚਿੰਨ੍ਹਾਂ ਨੂੰ ਘੜ੍ਹਿਆ ਹੈ ਅਤੇ ਇਸ ਦੇ ਅਤੀਤ, ਵਰਤਮਾਨ ਅਤੇ ਭਵਿੱਖ ਨੂੰ ਨਿਰੰਤਰ ਪ੍ਰਭਾਵਿਤ ਕੀਤਾ ਹੈ। ਬਿਰਤਾਂਤਾਂ ਨੂੰ ਕੌਣ ਘੜਦਾ ਹੈ ਕਿ ਅਸਲ ਵਿਚ ਇਹ ਬਿਰਤਾਂਤ ਹੀ ਸਾਨੂੰ ਘੜਦੇ ਹਨ? ਪਰਸਪਰ/ਦੁਵੱਲੇ ਸਬੰਧਾਂ ਵਿਚ ਉਲਝੇ ਇਸ ਸੁਆਲ ਦੀ ਵਿਆਖਿਆ ਪੰਜਾਬ ਦੇ ਇਤਿਹਾਸ ਦੇ ਹਰ ਪੜਾਅ ਵਿਚ ਪਈ ਹੈ। ਇਸ ਪੇਪਰ ਵਿਚ ਬਿਰਤਾਂਤ ਸਿਰਜਣਾ, ਪੰਜਾਬ ਬਾਰੇ ਵੱਖ-ਵੱਖ ਅਹਿਮ ਬਿਰਤਾਂਤਾਂ, ਉਨ੍ਹਾਂ ਦੇ ਮੁਕਾਬਲੇ ਵਿਚ ਸਿਰਜੇ ਪ੍ਰਤੀ-ਪ੍ਰਵਚਨਾਂ, ਮਿਥਾਂ ਅਤੇ ਉਨ੍ਹਾਂ ਦੇ ਪਿਛੋਕੜ ਵਿਚ ਸਿਆਸੀ ਨੀਤੀਆਂ ਤੇ ਸਮਾਜ-ਸਭਿਆਚਾਰਕ ਰਣਨੀਤੀਆਂ ਦਾ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

### ਬਿਰਤਾਂਤ ਤੇ ਬਿਰਤਾਂਤ ਦੀ ਜੰਗ

ਅੱਜਕੱਲ੍ਹ ਹਰ ਕੋਈ ਬਿਰਤਾਂਤ ਦੀ ਗੱਲ ਕਰ ਰਿਹਾ ਹੈ। ਅਮਰੀਕੀ, ਬਰਤਾਨਵੀ ਤੇ ਭਾਰਤੀ ਚੋਣ ਮੁਹਿੰਮਾਂ ਵਿਚ ਬਿਰਤਾਂਤ ਸਿਰਜਣ ਅਤੇ ਬਿਰਤਾਂਤ ਦੀ ਚਲਦੀ ਜੰਗ ਬਾਰੇ ਚਰਚਾ ਸਿਖ਼ਰਾਂ 'ਤੇ ਰਹੀ ਹੈ। ਫ਼ਲਸਤੀਨ-ਇਜ਼ਰਾਈਲ ਅਤੇ ਯੂਕਰੇਨ-ਰੂਸ ਦੀ ਜੰਗ ਦੇ ਆਲੇ-ਦੁਆਲੇ ਅਨੇਕਾਂ ਨਕਾਰਾਤਮਕ ਤੇ ਸਕਾਰਾਤਮਕ ਬਿਰਤਾਂਤ ਫੈਲਾਏ ਵੇਖੇ ਜਾ ਸਕਦੇ ਹਨ। ਇਸੇ ਤਰ੍ਹਾਂ ਅਫ਼ਗਾਨਿਸਤਾਨ, ਇਰਾਕ, ਤਾਲਿਬਾਨ, ਅਲ-ਕਾਇਦਾ, ਹਮਾਸ, ਹਿਜ਼ਬੁੱਲਾਹ ਤੇ ਇਸਲਾਮਿਕ ਸਟੇਟ ਆਦਿ ਦੁਆਲੇ, ਵਿਰੋਧ ਤੇ ਹੱਕ ਵਿਚ ਸੈਂਕੜੇ ਬਿਰਤਾਂਤ ਸਿਰਜੇ ਗਏ ਹਨ। ਅਸਲ ਮੈਦਾਨ-ਏ-ਜੰਗ ਵਿਚ ਬੰਦੂਕ ਤੇ ਬੰਬ ਹਥਿਆਰ ਹਨ, ਦੂਜੇ ਪਾਸੇ ਅਣ-ਐਲਾਨੀ, ਆਭਾਸੀ ਜਾਂ ਵਰਚੁਅਲ ਜੰਗ ਹੈ ਜਿਸਦੇ ਹਥਿਆਰ ਬਿਰਤਾਂਤ ਹਨ। ਉਪਰੋਂ ਵੇਖਣ ਨੂੰ ਇਹ ਗੱਲ ਬੜੀ ਸਧਾਰਨ ਜਿਹੀ ਲੱਗਦੀ ਹੈ ਕਿ ਨਿਹੱਥੇ ਜਿਹੇ ਬਿਰਤਾਂਤ ਜੰਗ ਕਿਵੇਂ ਲੜ ਲੈਣਗੇ? ਪਰ ਇਹ ਬਹੁਤ ਸ਼ਕਤੀਸ਼ਾਲੀ/ਜ਼ਾਲਮ ਹਥਿਆਰ ਹਨ। ਅੱਤਵਾਦ ਵਿਰੁੱਧ ਲੜਾਈ ਵਿਚ ਫੌਜੀ ਕਮਾਂਡਰ ਦੋ ਤਰ੍ਹਾਂ ਦੀਆਂ ਲੜਾਈਆਂ ਤੋਂ ਚਿੰਤੁਤ ਹਨ: 'ਅਸਲ ਲੜਾਈ, ਜਿੱਥੇ ਫੌਜੀ ਹਥਿਆਰਾਂ ਨਾਲ ਲੜਦੇ ਹਨ। ਇੱਥੇ ਗੋਲੀਆਂ ਚਲਦੀਆਂ ਹਨ, ਬੰਬ ਫਟਦੇ ਹਨ ਅਤੇ ਖ਼ੂਨ-ਖਰਾਬਾ ਹੁੰਦਾ ਹੈ। ਦੂਜੀ ਹੈ 'ਵਿਚਾਰਾਂ ਦੀ ਲੜਾਈ', ਜੋ ਲੋਕਾਂ ਦੇ ਮਨਾਂ ਵਿਚ ਲੜੀ ਜਾਂਦੀ ਹੈ। ਇਸ ਵਿਚ ਦੋਵੇਂ ਧਿਰਾਂ ਸ਼ਬਦਾਂ, ਤਸਵੀਰਾਂ ਤੇ ਕਹਾਣੀਆਂ ਰਾਹੀਂ ਰਣਨੀਤਕ ਬਿਰਤਾਂਤ ਘੜਦੇ ਹਨ ਅਤੇ ਇਨ੍ਹਾਂ ਰਾਹੀਂ ਲੋਕਾਂ ਨੂੰ ਆਪਣੇ ਪੱਖ ਵਿਚ ਕਰਨ ਦੀ ਕੋਸ਼ਿਸ਼ ਹੁੰਦੀ ਹੈ। ਅੱਜਕੱਲ੍ਹ ਇਹ ਦੂਜੀ ਲੜਾਈ, ਯਾਨੀ 'ਵਿਚਾਰਾਂ ਦੀ ਲੜਾਈ' ਵਾਲੇ ਪਾਸਿਓਂ ਹਾਰਨ ਦਾ ਜ਼ਿਆਦਾ ਡਰ ਬਣਿਆ ਹੋਇਆ ਹੈ।'[1] ਸੋ ਵਿਚਾਰਾਂ ਦੀ ਜੰਗ ਵਿਚ ਬਿਰਤਾਂਤ ਕੀ ਹੈ ਅਤੇ ਇਸਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ; ਤੇ ਪ੍ਰਤੀ-ਬਿਰਤਾਂਤ ਸਿਰਜਣ ਦੇ ਅਮਲ, ਪਿਛੋਕੜ ਵਿਚ ਸਿਆਸੀ ਅਤੇ ਸਮਾਜ-ਸਭਿਆਚਾਰਕ ਰਣਨੀਤੀਆਂ ਨੂੰ ਸਮਝਣ ਲਈ ਅੱਜਕੱਲ੍ਹ ਸਭ ਲੋਕ ਦਿਲਚਸਪੀ ਦਿਖਾ ਰਹੇ ਹਨ।

ਨਿਰੁਕਤੀ ਦੇ ਪੱਧਰ 'ਤੇ 'ਬਿਰਤਾਂਤ' ਸ਼ਬਦ ਤੋਂ ਭਾਵ ਵਿਥਿਆ, ਬਿਆਨ ਜਾਂ ਵਰਣਨ ਹੈ। ਇਹ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Narrative' ਦਾ ਪੰਜਾਬੀ ਅਨੁਵਾਦ ਹੈ। ਇਹ ਘਟਨਾਵਾਂ ਦਾ ਅਜਿਹਾ ਲਿਖਤੀ/ਮੌਖਿਕ ਜੋੜ-ਤੋੜ ਹੈ ਜੋ ਪਾਠਕ/ਸਰੋਤੇ ਨੂੰ ਕੀਲਣ ਦੀ ਕਲਾ/ਸਮਰੱਥਾ ਰੱਖਦਾ ਹੈ। ਬਿਰਤਾਂਤ ਵੱਖ-ਵੱਖ ਤਰੀਕਿਆਂ ਨਾਲ ਜੁੜੀਆਂ ਘਟਨਾਵਾਂ ਤੇ ਤਜ਼ਰਬਿਆਂ ਦੀ ਬੁਣਤ/ਲੜੀ ਹੁੰਦਾ ਹੈ ਜੋ ਸੱਚ ਵੀ ਹੋ ਸਕਦਾ ਹੈ ਅਤੇ ਕਾਲਪਨਿਕ ਵੀ।


(ਪੰਨੇ 56-67)
**www.sanvad.org**
ISSN : 2395-1273

ਇਹ ਮੌਖਿਕ ਕਹਾਣੀਆਂ, ਲਿਖਤੀ ਟੈਕਸਟ, ਵਿਜ਼ੂਅਲ ਤੇ ਡਿਜੀਟਲ ਸਮੱਗਰੀ ਦੇ ਰੂਪ ਵਿਚ ਨਿਰਮਤ ਤੇ ਪ੍ਰਸਾਰਿਤ ਕੀਤਾ ਜਾਂਦਾ ਹੈ।

ਅਕਾਦਮਿਕ ਤੇ ਸਾਹਿਤਕ ਜਗਤ ਵਿਚ ਕਹਾਣੀ, ਬਿਰਤਾਂਤ ਅਤੇ ਪ੍ਰਵਚਨ ਵਿਚਲੇ ਅੰਤਰ ਬਾਰੇ ਵਿਦਵਾਨ ਇਕਮੱਤ ਨਹੀਂ ਹਨ ਅਤੇ ਨਾ ਹੀ ਇਸ ਵਿਸ਼ੇ ਉਪਰ ਨਿੱਠ ਕੇ ਚਰਚਾ ਹੋਈ ਹੈ। ਇਸ ਖੇਤਰ ਵਿਚ ਜਿਆਦਾਤਰ ਕੰਮ ਹਿਊਮੈਨਟੀਜ਼ ਜਾਂ ਭਾਸ਼ਾ ਫੈਕਲਟੀ ਵਿਚ ਕੀਤੇ ਜਾਂਦੇ ਹਨ, ਜਿਸ ਵਿਚ ਵਿਅਕਤੀਗਤ ਸਕਾਲਰਸ਼ਿਪ ਦੀ ਪਰੰਪਰਾ ਹੈ। ਇਹ ਵਿਆਪਕ/ਸਮੂਹਿਕ ਧਾਰਨਾਵਾਂ ਨਾਲੋਂ ਵਿਲੱਖਣ ਵਿਸ਼ਲੇਸ਼ਣ 'ਤੇ ਕੇਂਦਰਿਤ ਹੁੰਦੀ ਹੈ। ਇਸ ਖੇਤਰ ਵਿਚ ਇਹ ਕਹਿਣਾ ਸੱਚਾਈ ਤੋਂ ਦੂਰ ਨਹੀਂ ਹੈ ਕਿ ਬਿਰਤਾਂਤ ਦੇ ਜਿੰਨੇ ਸਿਧਾਂਤਕਾਰ, ਓਨੇ ਹੀ ਸਿਧਾਂਤ ਹਨ। ਪ੍ਰਤੀਰੋਧੀ ਵਿਚਾਰਾਂ ਅਤੇ ਪਰਿਭਾਸ਼ਾਵਾਂ ਦਾ ਇਹ ਹੜ੍ਹ, ਗੈਰ-ਅਕਾਦਮਿਕਾਂ/ਆਮ ਲੋਕਾਂ ਲਈ ਵਿਹਾਰਕ ਤੌਰ 'ਤੇ ਬਹੁਤ ਘੱਟ ਉਪਯੋਗੀ ਹੈ। ਸਿਖਿਆਰਥੀਆਂ ਦੀ ਆਪਣੀ ਥਾਂ ਉਲਟ ਸਮੱਸਿਆ ਹੈ; ਉਹ ਕਹਾਣੀ ਅਤੇ ਬਿਰਤਾਂਤ ਦੇ ਮਹੱਤਵਪੂਰਨ (ਅਤੇ ਉਪਯੋਗੀ) ਅੰਤਰਾਂ ਨੂੰ ਨਜ਼ਰ-ਅੰਦਾਜ਼ ਕਰਕੇ, ਇਨ੍ਹਾਂ ਦੀ ਬਦਲਵੇਂ ਰੂਪ ਵਿਚ ਇਕੋ ਅਰਥ ਵਿਚ ਵਰਤੋਂ ਕਰਦੇ ਰਹਿੰਦੇ ਹਨ।'[2] ਬਿਰਤਾਂਤ ਕਹਾਣੀਆਂ ਨਾਲੋਂ ਵੱਡਾ ਹੁੰਦਾ ਹੈ ਅਤੇ ਕਈ ਕਥਾ-ਕਹਾਣੀਆਂ ਨੂੰ ਜੋੜ ਕੇ ਇਕ ਵਿਸ਼ਾਲ ਅਰਥ ਪ੍ਰਦਾਨ ਕਰਦਾ ਹੈ। ਇਸ ਪਿੱਛੇ ਬਿਰਤਾਂਤ-ਘਾੜ੍ਹੇ ਦਾ ਨਿੱਜੀ, ਨਿਵੇਕਲਾ ਪਰ ਸਮੂਹਿਕ ਪ੍ਰਭਾਵ ਸਿਰਜਣ ਵਾਲਾ ਦ੍ਰਿਸ਼ਟੀਕੋਣ ਹੁੰਦਾ ਹੈ ਜੋ ਸਰੋਤੇ/ਪਾਠਕ/ਦਰਸ਼ਕ ਨੂੰ ਮਿਥੇ ਉਦੇਸ਼ ਦੇ ਨੇੜੇ-ਤੇੜੇ ਵਿਸ਼ੇਸ਼ ਅਰਥ ਪ੍ਰਦਾਨ ਕਰਦਾ ਹੈ ਅਤੇ ਉਸ ਬਿਰਤਾਂਤ ਵਿਚ ਪੇਸ਼ ਕਥਾ/ਸੱਚ ਨੂੰ ਨਿਰੰਤਰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕਰਦਾ ਹੈ।

ਬਿਰਤਾਂਤ-ਘਾੜ੍ਹਾ ਜਾਣਬੁੱਝ ਕੇ ਕੋਈ ਸਿਆਸੀ ਨਿਸ਼ਾਨਾ ਮਿੱਥ ਕੇ ਪ੍ਰਸਾਰਦਾ ਹੈ। 'ਇਹ ਘਟਨਾਵਾਂ, ਵਿਚਾਰਾਂ ਜਾਂ ਸਥਿਤੀਆਂ ਦੀ ਇਕ ਵਿਸ਼ੇਸ਼ ਵਿਆਖਿਆ ਪੇਸ਼ ਕਰਦਾ ਹੈ।... ਬਿਰਤਾਂਤਕ ਯੁੱਧ ਦੇ ਮੁਕਾਬਲੇ ਵਿਚ, ਇਸ ਵਿਚ ਖਾਸ ਏਜੰਡੇ ਨੂੰ ਅੱਗੇ ਵਧਾਉਣ ਜਾਂ ਵਿਰੋਧੀ ਬਿਰਤਾਂਤਾਂ ਦਾ ਮੁਕਾਬਲਾ ਕਰਨ ਲਈ ਕਈ ਕਹਾਣੀਆਂ ਨੂੰ ਰਣਨੀਤਕ ਤੌਰ 'ਤੇ ਤਿਆਰ ਕਰਨਾ ਅਤੇ ਪ੍ਰਚਾਰ ਕਰਨਾ ਸ਼ਾਮਲ ਹੈ।'[3] ਅੱਜਕਲ੍ਹ ਸੋਸ਼ਲ ਮੀਡਿਆ, ਪਰਮਾਂ ਜਾਂ ਹੋਰ ਆਨਲਾਈਨ ਪਲੇਟਫਾਰਮਾਂ 'ਤੇ ਟਰੋਲਿੰਗ (trolling) ਰਾਹੀਂ ਦੂਜਿਆਂ ਦੀਆਂ ਭਾਵਨਾਵਾਂ ਨੂੰ ਨੁਕਸਾਨ ਪਹੁੰਚਾਇਆ ਜਾਂ ਉਨ੍ਹਾਂ ਨੂੰ ਭੜਕਾਉਣ ਲਈ ਜਾਣਬੁਝ ਕੇ ਉਕਸਾਇਆ ਜਾਂਦਾ ਹੈ। ਟਰੋਲਿੰਗ ਨਾਲ ਸੰਘਰਸ਼, ਵਿਵਾਦ ਅਤੇ ਨਕਾਰਾਤਮਕ ਮਾਹੌਲ ਪੈਦਾ ਕੀਤਾ ਜਾਂਦਾ ਹੈ। ਇਹ ਬਿਰਤਾਂਤਾਂ ਦਾ ਹਿੰਸਕ ਰੂਪ ਹੈ। ਬਿਰਤਾਂਤਾਂ ਨੂੰ ਆਮ ਤੌਰ 'ਤੇ 'ਕਹਾਣੀਆਂ' ਵਜੋਂ ਮੰਨਿਆ ਜਾਂਦਾ ਹੈ ਪਰ ਬਿਰਤਾਂਤ 'ਘਟਨਾਵਾਂ ਦੇ ਕ੍ਰਮ' ਨੂੰ ਇਕ ਖ਼ਾਸ ਪ੍ਰਕਿਰਿਆ ਦੁਆਰਾ ਚੰਗੇ ਭਲੇ ਕਾਨੂੰਨ ਦੀ ਪਾਲਣਾ ਕਰਨ ਵਾਲੇ ਬੰਦੇ ਨੂੰ ਬਾਗੀ, ਕੱਟੜਪੰਥੀ ਤੇ ਹਿੰਸਕ ਬਣਾਉਣ ਦੀ ਸ਼ਕਤੀ ਰੱਖਦੇ ਹਨ।'[4] ਅਤੇ ਇਸਦੇ ਉਲਟ ਬਾਗੀ, ਕੱਟੜਪੰਥੀ ਤੇ ਹਿੰਸਕ ਨੂੰ ਮੁਖਧਾਰਾ ਵਿਚ ਲਿਆ ਦੇਸ-ਭਗਤ ਜਾਂ ਰਾਸ਼ਟਰਵਾਦੀ ਬਣਾਉਣ ਦੀ ਤਾਕਤ ਰੱਖਦੇ ਹਨ। ਲੋਕ ਰੈਡੀਕਲ, ਸਿਆਸੀ, ਸਮੂਹਿਕ ਜਾਂ ਵਿਅਕਤੀਗਤ ਬਿਰਤਾਂਤਾਂ ਨੂੰ ਅਪਣਾਉਂਦੇ ਹਨ ਅਤੇ ਅੰਤ ਵਿਚ ਉਨ੍ਹਾਂ ਨੂੰ ਮੰਨਣ ਤੇ ਉਨ੍ਹਾਂ ਅਨੁਸਾਰ ਚਲਣ ਲੱਗ ਜਾਂਦੇ ਹਨ। ਬਿਰਤਾਂਤ ਦੇ ਸੰਪਰਕ ਵਿਚ ਆਉਣ ਤੋਂ ਬਾਅਦ ਬੰਦੇ, ਸਮੂਹ ਜਾਂ ਸਮਾਜ ਨਾਲ ਵਾਪਰੀ ਪ੍ਰਕਿਰਿਆ ਤੇ ਬਦਲਾਅ ਨੂੰ ਸਮਝਣਾ ਅਹਿਮ ਹੈ। ਇਹ ਸਮਾਜ ਦੀਆਂ ਸਮੀਕਰਨਾਂ/ਸੰਰਚਨਾ ਬਦਲਣ ਦੀ ਸ਼ਕਤੀ ਰੱਖਦੇ ਹਨ।

ਯੁਵਾਲ ਹਰਾਰੀ ਬਿਰਤਾਂਤਾਂ ਨੂੰ ਕਹਾਣੀਆਂ ਵਜੋਂ ਲੈਂਦਾ ਹੈ। ਉਹ 'ਕਹਾਣੀਆਂ ਦੀ ਤਾਕਤ' ਬਾਰੇ ਪ੍ਰਭਾਵਸ਼ਾਲੀ ਦਲੀਲਾਂ ਦਿੰਦਾ ਹੈ ਕਿ ਕਹਾਣੀਆਂ ਮਨੁੱਖੀ ਇਤਿਹਾਸ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਅਦਾ ਕਰਦੀਆਂ ਹਨ। ਮਨੁੱਖ ਇਕਲੌਤੀ ਪ੍ਰਜਾਤੀ ਹੈ ਜਿਸ ਕੋਲ ਭਾਸ਼ਾ ਦੀ ਵਰਤੋਂ ਕਰਨ ਦੀ ਯੋਗਤਾ ਹੈ; ਨਾ ਸਿਰਫ਼ ਉਨ੍ਹਾਂ ਚੀਜ਼ਾਂ ਦਾ ਵਰਨਣ ਕਰਨ ਲਈ ਜੋ ਅਸੀਂ ਦੇਖ, ਸੁਆਦ, ਅਤੇ ਛੂਹ ਸਕਦੇ ਹਾਂ, ਬਲਕਿ ਉਨ੍ਹਾਂ ਚੀਜ਼ਾਂ ਬਾਰੇ ਵੀ ਕਹਾਣੀਆਂ ਦੀ ਕਾਢ ਕੱਢਣ ਲਈ ਜੋ ਮੌਜੂਦ ਨਹੀਂ ਹਨ।'[5] ਕਹਾਣੀ ਸੁਣਾਉਣਾ ਸਾਡੀ ਪ੍ਰਜਾਤੀ ਦੇ ਵਿਕਾਸ ਵਿੱਚ ਇੱਕ ਅਹਿਮ ਮੀਲ-ਪੱਥਰ ਹੈ। 20 ਲੱਖ ਸਾਲ ਪਹਿਲਾਂ ਧਰਤੀ ਉੱਤੇ ਕਈ ਤਰ੍ਹਾਂ ਦੇ ਮਨੁੱਖ ਘੁੰਮਦੇ ਸਨ। ਹਰਾਰੀ ਦੇ ਅਨੁਸਾਰ, '70,000 ਸਾਲ ਪਹਿਲਾਂ ਕਹਾਣੀ ਸੁਣਾਉਣ ਦਾ ਦੌਰ ਸ਼ੁਰੂ ਹੋਣ ਨਾਲ ਸਾਡੇ ਪੁਰਖੇ ਸ਼ਿਕਾਰ, ਯੁੱਧ ਜਾਂ ਰੋਜ਼ਮਰ੍ਹਾ ਦੇ ਜੀਵਨ ਦੇ ਆਪਣੇ ਅਨੁਭਵਾਂ, ਗਿਆਨ ਅਤੇ ਵਿਸ਼ਵਾਸਾਂ ਨੂੰ ਦੂਜਿਆਂ ਨਾਲ ਕਹਾਣੀਆਂ ਦੇ ਰੂਪ ਵਿਚ ਸਾਂਝਾ ਕਰਨ ਲੱਗੇ। ਇਨ੍ਹਾਂ ਰਾਹੀਂ ਗਿਆਨ ਤੇ ਰਣਨੀਤੀਆਂ ਅਗਲੀ ਪੀੜ੍ਹੀ ਤਕ ਪਹੁੰਚਾਈਆਂ ਗਈਆਂ। ਇਨ੍ਹਾਂ ਨੇ ਸੇਪੀਅਨਜ਼ ਨੂੰ ਬਾਹਰ ਨਿਕਲਣ, ਦੁਨੀਆ ਭਰ ਵਿਚ ਫੈਲਣ, ਅਤੇ ਉਨ੍ਹਾਂ ਸਾਰਿਆਂ ਤੋਂ ਪ੍ਰਭਾਵਸ਼ਾਲੀ ਜਾਨਵਰ/ਬੰਦਾ ਬਣਾਉਣ ਵਿਚ ਮੁੱਖ ਭੂਮਿਕਾ ਨਿਭਾਈ।'[6] ਇਹ ਕਹਾਣੀਆਂ ਹੀ ਸਨ ਜਿਨ੍ਹਾਂ ਨੇ ਸਾਡੀ ਮਨੁੱਖ ਪ੍ਰਜਾਤੀ ਨੂੰ

ਹੋਰਨਾਂ ਸਭ ਪ੍ਰਜਾਤੀਆਂ ਤੋਂ ਵੱਖਰਾ ਅਤੇ ਵਧੇਰੇ ਤਾਕਤਵਰ ਬਣਾਇਆ ਹੈ। ਇਹ ਕਹਾਣੀਆਂ ਸਿਰਫ ਮਨੋਰੰਜਨ ਦਾ ਸਾਧਨ ਨਹੀਂ, ਸਗੋਂ ਸਮਾਜ ਦੇ ਬੁਨਿਆਦੀ ਢਾਂਚੇ ਦਾ ਹਿੱਸਾ ਹਨ, ਜਿੰਨ੍ਹਾਂ ਨੇ ਇਤਿਹਾਸ ਦੇ ਵੱਖ-ਵੱਖ ਦੌਰਾਂ ਵਿਚ ਸਮਾਜ ਸਿਰਜਿਆ। ਸਾਡੀ ਦੁਨੀਆ ਦੀ ਅੱਜ ਜੋ ਸ਼ਕਲ-ਸੂਰਤ ਹੈ, ਇਸਦੇ ਪਿੱਛੇ ਬਿਰਤਾਂਤ-ਘਾੜਿਆਂ ਦੀ ਸ਼ਕਤੀ ਹੈ। ਕਹਾਣੀ ਸੁਣਾਉਣਾ ਸਾਡੀ ਮਹਾਂਸ਼ਕਤੀ ਹੈ। ਸੋ ਮਨੁੱਖੀ ਸਫਲਤਾ ਦਾ ਰਾਜ ਕਹਾਣੀਆਂ ਦੀ ਤਾਕਤ ਵਿਚ ਹੀ ਲੁਕਿਆ ਹੈ।'[7] ਹਰਾਰੀ ਦਾ ਕਹਿਣਾ ਹੈ ਕਿ ਇਤਿਹਾਸ ਵਿਚ ਬਹੁਤ ਸਾਰੀਆਂ ਲੜਾਈਆਂ ਕਹਾਣੀਆਂ 'ਤੇ ਲੜੀਆਂ ਗਈਆਂ। ਮਨੁੱਖ ਜੰਗਾਂ ਨੂੰ ਜੰਗਲੀ ਜਾਨਵਰਾਂ ਵਾਂਗ ਖਾਣ-ਪੀਣ ਜਾਂ ਇਲਾਕਿਆਂ ਲਈ ਨਹੀਂ ਲੜਦੇ, ਸਗੋਂ ਆਪਣੇ ਮਨ ਵਿਚ ਬਣੀਆਂ ਕਹਾਣੀਆਂ ਲਈ ਲੜਦੇ ਹਨ। ਦੂਜੀਆਂ ਸਪੀਸੀਜ਼ ਦੇ ਉਲਟ, ਮਨੁੱਖ ਸਾਂਝੇ ਬਿਰਤਾਂਤਾਂ ਨੂੰ ਸਿਰਜਦੇ ਅਤੇ ਲੜਦੇ ਹਨ, ਜਿਸ ਨਾਲ ਸਮਾਜਕ ਤਰੱਕੀ ਅਤੇ ਟਕਰਾਅ ਦੋਵੇਂ ਪੈਦਾ ਹੋਏ ਹਨ। ਬਿਰਤਾਂਤ ਦੀ ਸ਼ਕਤੀ ਲੋਕਾਂ ਨੂੰ ਇੱਕਜੁੱਟ ਵੀ ਕਰ ਸਕਦੀ ਹੈ ਅਤੇ ਬੁਰੀ ਤਰ੍ਹਾਂ ਵੰਡ ਵੀ ਸਕਦੀ ਹੈ। ਆਪਣੇ ਇਥੇ ਪੰਜਾਬ-ਵੰਡ ਦਾ ਦੁਖਾਂਤ ਸਾਹਮਣੇ ਹੈ। 'ਮਿਡਲ ਈਸਟ ਵਿਚ ਧਾਰਮਿਕ ਮਾਨਤਾਵਾਂ ਦੇ ਅਧਾਰ 'ਤੇ ਜੰਗਾਂ ਹੁੰਦੀਆਂ ਹਨ। ਯੇਰੂਸ਼ਲਮ ਦੀ ਲੜਾਈ ਕਹਾਣੀਆਂ ਵਿਚ ਬਣਾਈਆਂ ਗਈਆਂ ਮਾਨਤਾਵਾਂ ਲਈ ਹੈ ਜਿਵੇਂ ਪਵਿੱਤਰ ਪੱਥਰਾਂ ਸਬੰਧੀ ਸ਼ਰਧਾ, ਵਿਸ਼ਵਾਸ਼ ਜਾਂ ਮਾਨਤਾਵਾਂ ਹਨ। ਰੂਸ-ਯੂਕਰੇਨ ਹਮਲਾ ਵੀ ਮਾਨਸਿਕ ਕਹਾਣੀਆਂ ਦੇ ਅਧਾਰ 'ਤੇ ਹੈ, ਨਾ ਕਿ ਹੋਰ ਜ਼ਮੀਨ ਦੀ ਲੋੜ ਲਈ। ਰੂਸ ਨੂੰ ਹੋਰ ਜ਼ਮੀਨ ਦੀ ਲੋੜ ਨਹੀਂ ਹੈ, ਸਗੋਂ ਇਹ ਮਾਨਸਿਕ ਕਹਾਣੀਆਂ ਲਈ ਜੰਗ ਹੈ।'[8] ਜੋ ਲੋਕ, ਸਮੂਹ ਜਾਂ ਦੇਸ ਸਭ ਤੋਂ ਪ੍ਰਭਾਵਸ਼ਾਲੀ ਕਹਾਣੀ ਸਾਜਣ ਅਤੇ ਫੈਲਾਉਣ ਵਿਚ ਸਫਲ ਹੋ ਜਾਂਦੇ ਹਨ, ਉਹਨਾਂ ਨੂੰ ਸਿਆਸੀ, ਧਾਰਮਿਕ ਅਤੇ ਸਮਾਜਕ ਸ਼ਕਤੀ ਪ੍ਰਾਪਤ ਹੁੰਦੀ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਦੇ ਦੌਰ ਵਿਚ ਹਰਾਰੀ ਨੇ ਗਲੋਬਲ ਬਿਰਤਾਂਤਾਂ ਦੇ ਸਬੰਧ ਚਿਤਾਇਆ ਹੈ ਕਿ ਇਹ ਲੋਕਤੰਤਰੀ ਪ੍ਰਕਿਰਿਆਵਾਂ ਨੂੰ ਖਤਰਨਾਕ ਤਰੀਕੇ ਨਾਲ ਪ੍ਰਭਾਵਿਤ ਕਰ ਸਕਦੇ ਹਨ। ਅਜਿਹੇ ਸਮੇਂ ਵਿਚ, ਜਦੋਂ ਡਿਜਿਟਲ ਮੀਡੀਆ ਅਤੇ ਇੰਟਰਨੈਟ ਨੇ ਕਹਾਣੀਆਂ ਦੇ ਫੈਲਾਅ ਨੂੰ ਬੇਹੱਦ ਤੇਜ਼ ਕਰ ਦਿੱਤਾ ਹੈ, ਬਿਰਤਾਂਤਾਂ ਦੀ ਜੰਗ ਹੋਰ ਵੀ ਅਹਿਮ ਹੋ ਗਈ ਹੈ।

ਸੋ ਬਿਰਤਾਂਤ ਸਿਰਜਣਾ ਮਨੁੱਖੀ ਇਤਿਹਾਸ ਤੇ ਸਭਿਆਚਾਰ ਜਿੰਨਾ ਪੁਰਾਣਾ ਹੈ। ਹਰੇਕ ਸਮਾਜ/ਸਭਿਆਚਾਰ ਨੇ ਆਪਣੇ-ਆਪਣੇ ਬਿਰਤਾਂਤ ਸਿਰਜੇ ਹਨ। ਬਿਰਤਾਂਤ ਨੂੰ ਸਮਾਜ ਦੇ ਹਰ ਪੱਧਰ 'ਤੇ ਵੇਖਿਆ ਜਾ ਸਕਦਾ ਹੈ। ਰੋਲਾਂ ਬਾਰਤ ਦਾ ਕਹਿਣਾ ਹੈ ਕਿ 'ਬਿਰਤਾਂਤ ਹਰ ਜਗ੍ਹਾ; ਮਿੱਥ, ਦੰਤਕਥਾ, ਕਥਾ, ਕਹਾਣੀ, ਨਾਵਲ, ਮਹਾਂਕਾਵਿ, ਇਤਿਹਾਸ, ਤ੍ਰਾਸਦੀ, ਡਰਾਮਾ, ਕਾਮੇਡੀ, ਮਾਈਮ, ਪੇਂਟਿੰਗ, ਰੰਗੀਨ ਸ਼ੀਸ਼ੇ ਦੀਆਂ ਖਿੜਕੀਆਂ, ਸਿਨੇਮਾ, ਕਾਮਿਕਸ, ਖ਼ਬਰਾਂ, ਗੱਲਬਾਤ ਵਿਚ ਮੌਜੂਦ ਹੈ। ...ਇਹ ਹਰ ਯੁੱਗ ਵਿਚ, ਹਰ ਸਥਾਨ ਵਿਚ, ਹਰ ਸਮਾਜ ਵਿਚ ਮੌਜੂਦ ਹੈ। ਇਹ ਮਨੁੱਖਜਾਤੀ ਦੇ ਇਤਿਹਾਸ ਨਾਲ ਹੀ ਸ਼ੁਰੂ ਹੁੰਦਾ ਹੈ ਅਤੇ ਬਿਰਤਾਂਤ ਤੋਂ ਬਿਨਾਂ ਕਿਤੇ ਵੀ ਕੋਈ ਵਿਅਕਤੀ ਨਹੀਂ ਹੈ। ਸਾਰੇ ਵਰਗਾਂ, ਸਾਰੇ ਮਨੁੱਖੀ ਸਮੂਹਾਂ ਦੇ ਆਪਣੇ-ਆਪਣੇ ਬਿਰਤਾਂਤ ਹਨ ਅਤੇ ਜਿਨ੍ਹਾਂ ਦਾ ਅਨੰਦ ਅਕਸਰ ਵੱਖੋ-ਵੱਖਰੇ, ਇੱਥੋਂ ਤਕ ਕਿ ਵਿਰੋਧੀ ਸਭਿਆਚਾਰਕ ਪਿਛੋਕੜ ਵਾਲੇ ਮਨੁੱਖਾਂ ਦੁਆਰਾ ਸਾਂਝਾ ਕੀਤਾ ਜਾਂਦਾ ਹੈ।'[9] ਮੱਧਕਾਲੀ, ਆਧੁਨਿਕ ਤੇ ਉਤਰ-ਆਧੁਨਿਕ/ਡਿਜੀਟਲ ਯੁਗ ਵਿਚ ਮਿਥਕ ਬਿਰਤਾਂਤ, ਮਹਾਂ-ਬਿਰਤਾਂਤ ਅਤੇ ਅਲਪ ਬਿਰਤਾਂਤਾਂ ਦੀ ਆਪਣੀ-ਆਪਣੀ ਅਹਿਮੀਅਤ ਰਹੀ ਹੈ ਅਤੇ ਇਨ੍ਹਾਂ ਦੇ ਹਿੰਸਕ ਜਾਂ ਹਿਤੈਸ਼ੀ ਰੋਲ ਬਾਰੇ ਤਰਕ-ਵਿਤਰਕ ਚਲਦੇ ਰਹੇ ਹਨ। ਆਧੁਨਿਕ ਦ੍ਰਿਸ਼ਟੀ ਨੇ ਮਿਥਕ/ਮੱਧਕਾਲੀ ਬਿਰਤਾਂਤਾਂ ਨੂੰ ਨਕਾਰ ਕੇ ਤਰਕ ਅਧਰਿਤ ਬਿਰਤਾਂਤਾਂ ਦੀ ਸਥਾਪਨਾ ਤੇ ਵਕਾਲਤ ਕੀਤੀ ਜੋ ਵਿਸ਼ਵੀ/ਮਹਾਂ-ਬਿਰਤਾਂਤ ਵਜੋਂ ਜਾਣੇ ਗਏ। ਇਵੇਂ ਹੀ ਉਤਰ-ਆਧੁਨਿਕ ਸਮਾਜ ਵਿਚ ਮਹਾਂ-ਬਿਰਤਾਂਤਾਂ ਦੀ ਵੀ ਆਲੋਚਨਾ/ਚੁਣੌਤੀ ਹੋਣ ਲੱਗੀ। ਵੱਡੇ ਮਹਾਂ-ਬਿਰਤਾਂਤਾਂ, ਜਿਵੇਂ ਕਿ ਮਾਰਕਸਵਾਦ, ਹੇਗਲ ਦਾ ਇਤਿਹਾਸਕ ਸਿਧਾਂਤ ਅਤੇ ਹੋਰ ਆਧੁਨਿਕਤਾਵਾਦੀ ਮਹਾਂ-ਬਿਰਤਾਂਤਾਂ ਦੀ ਥਾਂ ਸਥਾਨਕ/ਅਲਪ-ਬਿਰਤਾਂਤਾਂ ਨੂੰ ਅਹਿਮੀਅਤ ਉਭਾਰੀ ਜਾਣ ਲੱਗੀ ਜੋ ਸਥਾਨਕ ਸਭਿਆਚਾਰਾਂ ਦੇ ਤਜਰਬਿਆਂ 'ਤੇ ਅਧਾਰਿਤ ਹੁੰਦੇ ਹਨ। ਸੋ ਮਹਾਂ-ਬਿਰਤਾਂਤਾਂ ਦੀ ਥਾਂ ਛੋਟੇ ਤੇ ਵਿਭਿੰਨ ਬਿਰਤਾਂਤਾਂ ਨੇ ਲੈ ਲਈ ਜੋ ਅਕਸਰ ਇਕ ਦੂਜੇ ਨਾਲ ਟਕਰਾਉਂਦੇ ਹਨ। ਇਹ ਟਕਰਾਅ ਹੀ 'ਬਿਰਤਾਂਤਾਂ ਦੀ ਜੰਗ' ਹੈ। ਇਥੇ ਵੱਖ-ਵੱਖ ਧਿਰਾਂ/ਸਮੂਹ ਆਪਣੇ ਬਿਰਤਾਂਤਾਂ ਨੂੰ ਪ੍ਰਮੁੱਖਤਾ ਨਾਲ ਉਭਾਰਦੇ ਹਨ ਤੇ ਸਮਾਜ/ਦੇਸ/ਦੁਨੀਆਂ ਵਿਚ ਆਪਣੀ ਗੌਰਵਮਈ ਪਛਾਣ ਬਣਾਉਣ ਦਾ ਯਤਨ ਕਰਦੇ ਹਨ। ਗਿਆਨ ਅਤੇ ਸੱਤਾ ਜਟਿਲ ਤਰੀਕੇ ਨਾਲ ਆਪਸ ਵਿਚ ਜੁੜੇ ਹੁੰਦੇ ਹਨ ਅਤੇ ਬਿਰਤਾਂਤ ਇਸ ਸਬੰਧ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਲਿਓਤਾਰ ਇੱਥੇ ਕਹਾਣੀਆਂ ਅਤੇ ਨੈਰੇਟਿਵ ਦੀ ਭੂਮਿਕਾ ਬਾਰੇ ਦੱਸਦਾ ਹੈ ਕਿ 'ਕਿਵੇਂ ਕਹਾਣੀਆਂ ਗਿਆਨ ਦਾ ਸੰਚਾਰ ਕਰਨ ਅਤੇ ਸਮਾਜਕ ਸਮੀਕਰਨਾਂ ਨੂੰ ਮਜ਼ਬੂਤ ਕਰਨ ਦੇ ਮਹੱਤਵਪੂਰਨ ਸੰਦ-ਸਾਧਨ ਹਨ।'[10] ਉਹ ਸਰਵ-ਵਿਆਪੀ ਸਿਧਾਂਤਾਂ/ਮਹਾਂ-ਬਿਰਤਾਂਤਾਂ (Meta-


ISSN : 2395-1273

Narratives) ਦੀ ਆਲੋਚਨਾ ਕਰਦਾ ਹੈ। ਉਹ ਇਹਨਾਂ ਨੂੰ ਵੱਖ-ਵੱਖ ਸਥਾਨਕ ਗਿਆਨ-ਪ੍ਰਣਾਲੀਆਂ ਲਈ ਨੁਕਸਾਨਦੇਹ ਤੇ ਹਿੰਸਕ ਮੰਨਦਾ ਹੈ। ਇਸੇ ਲਈ ਉਹ ਸਥਾਨਕ ਗਿਆਨ ਤੇ ਗਿਆਨ-ਪ੍ਰਣਾਲੀਆਂ ਜਾਂ ਅਲਪ-ਬਿਰਤਾਂਤਾਂ/ਛੋਟੀਆਂ ਕਹਾਣੀਆਂ ਦੇ ਮਹੱਤਵ 'ਤੇ ਜ਼ੋਰ ਦਿੰਦਾ ਹੈ। ਉਹ ਮੰਨਦਾ ਹੈ ਕਿ ਇਹ ਵਧੇਰੇ ਲਚਕਦਾਰ ਅਤੇ ਵੱਖ-ਵੱਖ ਸਮਾਜਾਂ ਲਈ ਅਹਿਮ ਹਨ।

ਸਮਾਜ ਦੇ ਆਰੰਭ ਤੋਂ ਲੈ ਕੇ ਹੁਣ ਤਕ ਸੰਸਾਰ, ਸਮੁੱਚੀ ਜੀਵਨ-ਜਾਚ ਨੂੰ ਸੁਜੱਚੇ ਆਚਾਰ-ਵਿਹਾਰ ਵਾਲਾ ਅਕਾਰ ਦੇਣ ਲਈ ਇਕ ਅਗਾਂਹਵਧੂ ਤੇ ਮਾਨਵਵਾਦੀ ਜੀਵਨ-ਦਰਸ਼ਨ/ਮਾਡਲ/ਆਰਡਰ ਤਲਾਸ਼ਦਾ ਰਿਹਾ ਹੈ। ਵੱਖ-ਵੱਖ ਖਿੱਤਿਆਂ ਤੇ ਸਥਿਤੀਆਂ ਵਿਚੋਂ, ਵੱਖ-ਵੱਖ ਇਤਿਹਾਸਕ ਪੜਾਵਾਂ ਉਪਰ, ਵਿਭਿੰਨ ਪ੍ਰਕਾਰ ਦੇ (ਪਰੰਪਰਾਗਤ, ਆਧੁਨਿਕ ਤੇ ਉਤਰ-ਆਧੁਨਿਕ ਵਗੈਰਾ) ਚਿੰਤਨਾਂ/ਦਰਸ਼ਨਾਂ/ਮਾਡਲਾਂ ਦਾ ਉਦੈ ਹੋਣਾ ਸੁਭਾਵਿਕ ਹੈ। ਇਹ ਮਾਡਲ/ਚਿੰਤਨ/ਦਰਸ਼ਨ ਵੱਖ-ਵੱਖ ਮਹਾਂ-ਬਿਰਤਾਂਤਾਂ ਰਾਹੀਂ ਹੋਂਦ ਵਿਚ ਆਉਂਦਾ ਹੈ ਅਤੇ ਇਹ ਬਿਰਤਾਂਤ ਗਤੀਸ਼ੀਲ ਰੂਪ ਵਿਚ ਅੱਗੇ ਪ੍ਰਸਾਰਿਤ ਹੁੰਦੇ ਅਤੀਤ ਜਾਂ ਸਮਕਾਲ ਦੇ ਹੋਰ ਬਿਰਤਾਂਤਾਂ ਨਾਲ ਟਕਰਾਉਂਦੇ ਜਾਂ ਵਾਦ-ਵਿਵਾਦ ਜਾਂ ਸੰਵਾਦ ਵਿਚ ਪੈਂਦੇ ਹਨ। ਮੋਟੇ ਤੌਰ 'ਤੇ ਪੂਰਬ, ਮੱਧ-ਪੂਰਬ, ਪੱਛਮ ਜਾਂ ਉਤਰੀ-ਅਮਰੀਕਾ ਦੇ ਆਪਣੇ-ਆਪਣੇ ਮਹਾਂ-ਬਿਰਤਾਂਤ ਹਨ ਜੋ ਵਿਸ਼ਵ-ਆਰਡਰ ਨੂੰ ਸ਼ੇਪ ਦਿੰਦੇ ਹਨ। ਇਸ ਪ੍ਰਸੰਗ ਤੋਂ ਆਪਣੇ ਹੀ ਖਿੱਤੇ ਪੰਜਾਬ ਵਿਚ ਉਪਜੇ ਵੇਦ/ਪੁਰਾਣ/ਮਹਾਂ-ਭਾਰਤ ਵਗੈਰਾ ਪਰੰਪਰਾਗਤ ਬਿਰਤਾਂਤਾਂ ਅਤੇ ਗੁਰੂ ਗ੍ਰੰਥ ਸਾਹਿਬ ਦੇ ਉਨ੍ਹਾਂ ਨਾਲ ਸੰਵਾਦ ਤੇ ਬੌਧਿਕ ਟਕਰਾਅ ਵੇਖ-ਸਮਝ ਸਕਦੇ ਹਾਂ ਜਿਸ ਵਿਚੋਂ ਪੰਜਾਬ ਦਾ ਨਵਾਂ ਆਰਡਰ ਵਿਗਸਿਆ।

ਸਮਕਾਲੀ ਦੌਰ ਵਿਚ ਰਾਜਨੀਤਕ ਬਿਰਤਾਂਤਾਂ ਰਾਹੀਂ ਸੱਤਾ ਹਾਸਿਲ ਕਰਨ ਜਾਂ ਸੱਤਾ 'ਚ ਰਹਿਣ ਲਈ ਜਨਤਾ ਦਾ ਸਮਰਥਨ ਹਾਸਿਲ ਕੀਤਾ ਜਾਂਦਾ ਹੈ। ਬਿਰਤਾਂਤ ਸ਼ਕਤੀ ਸਬੰਧਾਂ ਵਿਚ ਅਹਿਮ ਕੜੀ ਹਨ। ਅੱਜਕੱਲ੍ਹ ਇਹ ਵਾਸਤਵਿਕ, ਸਿਆਸੀ ਤੇ ਧਾਰਮਿਕ ਖੇਤਰ ਵਿਚ ਸੱਤਾ ਹਾਸਿਲ ਕਰਨ, ਸੱਤਾ ਦੀ ਉਮਰ ਲੰਬੀ ਕਰਨ ਜਾਂ ਉਸਦਾ ਮੁਕਾਬਲਾ ਕਰਨ ਲਈ ਇਕ ਸ਼ਕਤੀਸ਼ਾਲੀ ਮਾਧਿਅਮ ਦੇ ਰੂਪ ਵਿਚ ਵਰਤਿਆ ਜਾਣ ਲੱਗਾ ਹੈ। ਇਹ ਧਾਰਮਿਕ/ਸਭਿਆਚਾਰਕ ਜਾਂ ਖੇਤਰੀ/ਕੌਮੀ ਪਛਾਣ ਉਸਾਰਨ ਤੇ ਦ੍ਰਿੜ ਕਰਾਉਣ ਲਈ ਵੀ ਵਰਤਿਆ ਜਾਂਦਾ ਹੈ। ਇਸ ਰਾਹੀਂ ਨਵੀਂ ਕਥਾ ਹੋਂਦ ਵਿਚ ਲਿਆਂਦੀ ਜਾਂਦੀ ਹੈ ਜੋ ਦੂਜੀ ਧਿਰ ਦੇ ਸਿਰਜੇ ਬਿਰਤਾਂਤਾਂ ਦੀ ਕਾਟ ਕਰਦੀ ਹੋਵੇ।

ਬਿਰਤਾਂਤਾ ਦੀ ਜੰਗ ਵਿਚ ਵੱਡਾ ਮਸਲਾ ਇਹ ਹੈ ਕਿ ਕਿਹੜੇ ਬਿਰਤਾਂਤ ਸੱਚੇ ਤੇ ਪ੍ਰਮਾਣਿਕ ਹਨ? ਇਸਦੀ ਪਛਾਣ ਕਿਵੇਂ ਕੀਤੀ ਜਾਵੇ? ਦਾਰਸ਼ਨਿਕ ਤੌਰ 'ਤੇ 'ਸਾਪੇਖ ਸੱਚ' ਦੇ ਪ੍ਰਚਲਣ ਵਾਲੇ ਅਜੋਕੇ ਸਮੇਂ ਵਿਚ ਪ੍ਰਮਾਣਿਕਤਾ ਦੇ ਮਿਆਰ ਕੀ ਹਨ ਜਿਨ੍ਹਾਂ ਨਾਲ ਸੱਚ ਦੀ ਧਿਰ ਦੀ ਸਹੀ ਸ਼ਨਾਖ਼ਤ ਕੀਤੀ ਜਾ ਸਕੇ? ਸਮੇਂ ਨੂੰ ਇਤਿਹਾਸਬੱਧ ਕਰਦਿਆਂ ਤਾਕਤਵਰ ਧਿਰਾਂ/ਜੇਤੂਆਂ ਨੇ ਆਪਣੇ ਨਜ਼ਰੀਏ ਤੋਂ ਆਪਣੇ ਖਿੱਤੇ ਦੀਆਂ ਦੰਤ ਕਥਾਵਾਂ/ਮਿਥਾਂ/ਤੱਥਾਂ ਨੂੰ ਇਸ ਤਰ੍ਹਾਂ ਗੁੰਨ੍ਹਿਆਂ ਹੁੰਦਾ ਹੈ ਕਿ ਤੱਥ ਤੇ ਕਲਪਨਾ ਦਾ ਨਿਖੇੜਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਹਰ ਇਤਿਹਾਸ ਆਪਣੇ ਸਮੁਦਾਇ ਦੇ ਗੌਰਵ/ਹਉਮੈਂ ਤੇ ਮਹਾਨਤਾ ਦੇ ਉਦੇਸ਼ ਨਾਲ ਸਿਰਜਿਆ ਜਾਂਦਾ ਹੈ। ਸੱਚ ਤੇ ਨਿਰਪੱਖਤਾ ਦੇ ਦਾਅਵੇ ਹੇਠ ਨਾਵਾਂ, ਥਾਵਾਂ, ਤਰੀਕਾਂ ਤੇ ਘਟਨਾਵਾਂ ਨੂੰ ਤਰਕਸ਼ੀਲ ਲੜੀ ਵਿਚ ਪਰੋ ਕੇ ਇਕ ਗਲਪ ਵਾਂਗ ਸਿਰਜਿਆ ਹੁੰਦਾ ਹੈ। ਜਦੋਂ ਇਤਿਹਾਸ ਵੀ ਗਲਪ ਵਾਂਗ ਲਿਖਿਆ ਗਿਆ ਹੈ, ਉਦੋਂ ਬਹੁ-ਧਿਰੀ ਸਮਾਜ ਵਿਚ ਸਿਰਜੇ ਜਾਂਦੇ ਬਿਰਤਾਂਤਾਂ ਦੇ ਸੱਚ ਦੀ ਪ੍ਰਮਾਣਿਕਤਾ ਦੀ ਤਵੱਕੋ ਕਰਨੀ ਕੋਈ ਮਾਇਨੇ ਨਹੀਂ ਰੱਖਦੀ।

ਇਸ ਤਰ੍ਹਾਂ ਅਜੋਕੇ ਉਤਰ-ਆਧੁਨਿਕ ਸਮਾਜ ਵਿਚ ਆਪਣੇ-ਆਪਣੇ ਸੱਚ ਉਪਰ ਬਲ ਦਿੱਤਾ ਜਾ ਰਿਹਾ ਹੈ। ਇਥੇ ਹਰ ਹਮਾਇਤੀ/ਵਿਰੋਧੀ ਕੋਲ ਇਕ ਆਪਣਾ ਸੱਚ ਹੈ। ਫਿਰ ਕਾਰਪੋਰੇਟਸ ਦਾ ਵੀ ਆਪਣਾ ਇਕ ਸੱਚ ਹੈ, ਅੰਬਾਨੀਆਂ-ਅਡਾਨੀਆਂ ਦਾ ਵੀ ਅਤੇ ਭਾਰਤ ਭਰ ਦੀਆਂ ਕੱਟੜਵਾਦੀ ਧਿਰਾਂ ਦਾ ਵੀ ਆਪਣਾ ਆਪਣਾ ਸੱਚ ਹੈ। ਸੁਆਲ ਇਹ ਹੈ ਕਿ ਕੀ ਇਸ ਸਥਿਤੀ ਵਿਚ ਉਹ ਸਭ ਠੀਕ ਨੇ? ਅਸਲ ਵਿਚ ਸੱਚ ਦੀ ਵੀ ਇਕ ਧਿਰ ਹੁੰਦੀ ਹੈ। ਉਸਦੀ ਸ਼ਨਾਖ਼ਤ ਜਾਂ ਪ੍ਰਮਾਣਿਕਤਾ ਕਿਵੇਂ ਕੀਤੀ ਜਾਵੇ... ਉਸ ਲਈ ਕੀ ਮਿਆਰ ਹਨ ਜਾਂ ਹੋਣ? ਅਰਥਾਂ ਨੂੰ, ਸੱਚ ਨੂੰ ਪ੍ਰਮਾਣਿਕਤਾ ਕੌਣ ਪ੍ਰਦਾਨ ਕਰਦਾ ਹੈ? ਅੱਜ ਸਭ ਤੋਂ ਵੱਡਾ ਮਸਲਾ ਇਹ ਬਣਿਆਂ ਹੋਇਆ ਹੈ।

ਉਪਰੋਂ ਨਜ਼ਰਸਾਨੀ ਵਾਲੇ ਸਮਾਜ/ਦੇਸ ਵਿਚ ਦੋਨੋ ਧਿਰਾਂ (ਸੱਤਾ ਤੇ ਵਿਰੋਧੀ) ਆਪਣਾ-ਆਪਣਾ ਬਿਰਤਾਂਤ ਘੜ੍ਹਦੀਆਂ ਤੇ ਸੱਚਾ ਬਿਰਤਾਂਤ ਪੇਸ਼ ਕਰਨ ਦਾ ਦਾਅਵਾ ਕਰਦੀਆਂ ਹਨ। ਅਸਲ ਵਿਚ ਦੋਨਾਂ ਕੋਲ ਅਧੂਰਾ/ਸਾਪੇਖ ਸੱਚ ਹੁੰਦਾ ਹੈ ਤੇ ਸਾਬਤ ਸੱਚ ਉਨ੍ਹਾਂ ਤੋਂ ਪਰੇ ਹੁੰਦਾ ਹੈ। ਇਹ ਤੀਜੀ ਧਿਰ ਜੋ ਲੋਕਾਈ ਦੀ ਹੁੰਦੀ ਹੈ, ਸਿਵਲ ਸੁਸਾਇਟੀ ਦੀ ਹੁੰਦੀ ਹੈ, ਉਸਦੇ ਬਹੁਤ ਨੇੜੇ ਹੁੰਦਾ ਹੈ। ਆਵਾਮ ਕੋਲ ਸੱਚ ਹੁੰਦਾ ਹੈ, ਭਾਵੇਂ ਉਸ ਕੋਲ ਪ੍ਰਗਟਾਉਣ/ਪੇਸ਼ ਕਰਨ ਦੇ ਸੰਦ-ਸਾਧਨ ਨਹੀਂ ਹੁੰਦੇ। ਸੁਸਾਇਟੀ ਵਿਚ ਸੱਚ ਦੀ ਵੀ ਇਕ ਧਿਰ ਹੁੰਦੀ ਹੈ। ਕਈ ਵਾਰ ਇਹ ਕ੍ਰਾਂਤੀ ਦੀ ਵਜ੍ਹਾ ਬਣਦੇ ਹਨ।

ਹੁਣ ਅਸੀਂ 'ਪੋਸਟ-ਟਰੁਥ' ਦੇ ਸਮੇਂ ਵਿਚ ਜੀਅ ਰਹੇ ਹਾਂ, ਜਿੱਥੇ ਬਿਰਤਾਂਤਾਂ ਰਾਹੀਂ ਝੂਠ ਨੂੰ ਸੱਚ ਤੇ ਸੱਚ ਨੂੰ ਝੂਠ ਬਣਾਇਆ ਜਾਂਦਾ ਹੈ। ਅਸਲੀਅਤ ਕੀ ਹੈ, ਇਹ ਭਰਮ ਰਹਿ ਜਾਂਦਾ ਹੈ। ਭਰਮ ਤੇ ਤੱਥ ਦੀ ਖੇਡ ਵਿਚ ਜਨਤਾ ਕੋਲ ਸੱਚ ਨਹੀਂ ਪਹੁੰਚਦਾ। ਤਾਕਤ ਨੂੰ ਬਰਕਰਾਰ ਰੱਖਣ ਲਈ ਮਿਥਾਂ-ਤੱਥਾਂ, ਝੂਠਾਂ-ਸੱਚਾਂ, ਕਥਾ-ਕਹਾਣੀਆਂ ਦੇ ਮਿਸ਼ਰਣ ਨਾਲ ਲੋਕਾਂ ਦੀ ਸੋਚ ਨੂੰ ਬਦਲਿਆ ਅਤੇ ਨਿਯੰਤਰ੍ਰਿਤ ਕੀਤਾ ਜਾਂਦਾ ਹੈ। ਸਮਾਜ ਸ਼ਾਸਤਰੀ ਬੌਦਰੀਲਾਰ (Jean Baudrillard) ਦੀ ਦ੍ਰਿਸ਼ਟੀ ਤੋਂ ਆਧੁਨਿਕ ਸੰਸਾਰ/ਸਮਾਜ ਨੂੰ ਸਮਝੀਏ ਤਾਂ ਇਸਦੀ ਅਸਲੀਅਤ ਚਿੰਨ੍ਹਾਂ ਅਤੇ ਪ੍ਰਤੀਕਾਂ ਵਿਚ ਢਲ਼ ਗਈ ਹੈ।'[11] ਅਸੀਂ ਇਕ 'ਹਾਈਪਰ-ਰੀਐਲਿਟੀ' (hyperreality) ਵਿਚ ਰਹਿ ਰਹੇ ਹਾਂ, ਜਿੱਥੇ ਅਸਲੀਅਤ ਅਤੇ ਨਕਲ ਵਿਚਕਾਰ ਦਾ ਫ਼ਰਕ ਮੁਸ਼ਕਿਲ ਹੋ ਗਿਆ ਹੈ। ਮੀਡੀਆ, ਵਿਗਿਆਪਨ ਅਤੇ ਸਭਿਆਚਾਰਕ ਉਤਪਾਦਨ ਨੇ ਅਸਲੀਅਤ ਨੂੰ ਇੰਨਾ ਜਿਆਦਾ ਬਦਲ ਦਿੱਤਾ ਹੈ ਕਿ ਅਸੀਂ ਹੁਣ ਇਕ 'ਸਿਮੂਲੈਕਰਾ' (simulacra) ਤੇ 'ਸਿਮੂਲੇਸ਼ਨ' (simulation); ਭਾਵ ਇਕ ਭਰਮਾਊ-ਯਥਾਰਥ ਵਿਚ ਰਹਿ ਰਹੇ ਹਾਂ। ਟੈਕਨਾਲੋਜੀ ਅਤੇ ਕਹਾਣੀਆਂ ਦਾ ਫੈਲਾਅ ਵਾਲੇ ਉਪਰੋਕਤ ਕਿਸਮ ਦੇ ਅਜੋਕੇ ਦੌਰ ਨੂੰ ਹਰਾਰੀ ਆਪਣੀ ਕਿਤਾਬ *21 Lessons for the 21st Century* ਵਿਚ 'Post-Truth'[12] ਕਹਿੰਦਾ ਹੈ। 21ਵੀਂ ਸਦੀ ਦੇ ਇਸ ਡਿਜਿਟਲ ਯੁੱਗ ਵਿਚ ਕਹਾਣੀਆਂ ਅਤੇ ਨੈਰੇਟਿਵਜ਼ ਅਤਿ ਜ਼ਰੂਰੀ ਔਜ਼ਾਰ ਬਣ ਗਏ ਹਨ। ਸੋਸ਼ਲ ਮੀਡੀਆ ਪਲੇਟਫਾਰਮਾਂ ਅਤੇ ਇੰਟਰਨੈਟ ਨੇ ਬਿਰਤਾਂਤਾਂ/ਕਹਾਣੀਆਂ ਦੇ ਫੈਲਾਅ ਨੂੰ ਬਹੁਤ ਤੇਜ਼ ਕੀਤਾ ਹੈ, ਜਿਸ ਨਾਲ ਇਹ ਇਕ ਧਰਤੀ ਦੇ ਇਕ ਕੋਨੇ ਤੋਂ ਦੂਜੇ ਕੋਨੇ ਤਕ ਝੱਟ-ਪਟ ਪਹੁੰਚ ਜਾਂਦੀਆਂ ਹਨ। ਯੁਵਾਲ ਹਰਾਰੀ ਦੇ ਅਨੁਸਾਰ, 'ਪੋਸਟ ਟਰੁਥ ਵਿਚ ਸੱਚ ਅਤੇ ਝੂਠ ਦੀ ਪਛਾਣ ਕਰਨਾ ਮੁਸ਼ਕਿਲ ਹੋ ਜਾਂਦਾ ਹੈ, ਕਿਉਂਕਿ ਇਹ ਦੌਰ ਤੱਥਾਂ ਦੇ ਨਾਲ ਖੇਡਣ ਅਤੇ ਕਹਾਣੀਆਂ ਬਣਾਉਣ ਦਾ ਹੈ। ਇਥੇ ਸੱਚ ਨਾਲੋਂ ਭਾਵਨਾਵਾਂ ਅਤੇ ਨਿੱਜੀ ਵਿਸ਼ਵਾਸਾਂ ਦਾ ਵੱਧ ਪ੍ਰਭਾਵ ਹੁੰਦਾ ਹੈ।'[13] ਇਸ ਸਥਿਤੀ ਵਿਚ ਲੋਕ ਸੱਚ ਦੀ ਪਰਵਾਹ/ਪਛਾਣ ਕੀਤੇ ਬਿਨਾਂ ਉਨ੍ਹਾਂ ਮਾਨਤਾਵਾਂ ਤੇ ਵਿਸ਼ਵਾਸਾਂ 'ਤੇ ਯਕੀਨ ਕਰਦੇ ਹਨ ਜੋ ਉਨ੍ਹਾਂ ਦੇ ਪੂਰਵ-ਧਾਰਨਾਵਾਂ ਅਤੇ ਭਾਵਨਾਵਾਂ ਨਾਲ ਮੇਲ ਖਾਂਦੇ ਹਨ ਅਤੇ ਸੱਤਾਵਾਨ ਧਿਰਾਂ ਦੁਆਰਾ ਵੱਖ-ਵੱਖ ਬਿਰਤਾਂਤਾਂ ਰਾਹੀਂ ਫੈਲਾਏ ਗਏ ਹਨ। ਇਸ ਨਾਲ ਸਮਾਜ ਵਿਚ ਭਰਮ ਅਤੇ ਗ਼ਲਤਫ਼ਹਿਮੀਆਂ ਵਧਦੀਆਂ ਹਨ। ਤੱਥਾਂ ਦਾ ਦੂਜੇ ਦਰਜੇ 'ਤੇ ਚਲੇ ਜਾਣਾ ਜਾਂ ਸੱਚਾਈ ਦੀ ਧਾਰਨਾ ਦਾ ਕਮਜ਼ੋਰ ਹੋਣਾ ਅੱਜ ਦੇ ਆਧੁਨਿਕ ਸਮਾਜ ਲਈ ਇੱਕ ਵੱਡੀ ਚੁਣੌਤੀ ਹੈ, ਜੋ ਲੋਕਤੰਤਰ ਅਤੇ ਵਿਵੇਕਸ਼ੀਲ ਵਿਚਾਰ-ਵਟਾਂਦਰੇ ਦੀਆਂ ਨੀਂਹਾਂ ਨੂੰ ਕਮਜ਼ੋਰ ਕਰ ਰਹੀ ਹੈ।

ਅੱਜ ਦੇ ਯੁੱਗ ਨੂੰ ਤਕਨੀਕੀ ਜਾਗੀਰਵਾਦ (Techno Feudalism) ਦੇ ਯੁੱਗ ਦੇ ਤੌਰ 'ਤੇ ਸਮਝਿਆ ਜਾ ਰਿਹਾ ਹੈ ਜੋ ਪਰੰਪਰਾਗਤ ਫ਼ਿਊਡਲੀ ਨਿਜ਼ਾਮ ਤੋਂ ਕਿਤੇ ਭਿਆਨਕ ਹੈ। ਡਾਟੇ/ਕਲਾਉਡ ਦੀ ਮਾਲਕੀ/ ਅਜ਼ਾਇਦਾਰੀ ਵਾਲੀਆਂ ਕੰਪਨੀਆਂ ਸਾਹਮਣੇ ਆਮ ਲੋਕ/ਫ਼ਰਮਾਂ ਮੁਜ਼ਾਰਿਆਂ ਦੀ ਤਰਾਂ ਹਨ ਜੋ ਡਿਜੀਟਲ ਬੁਨਿਆਦੀ ਢਾਂਚੇ ਅਤੇ ਡੇਟਾ ਨਿਯੰਤਰਣ ਦੁਆਰਾ ਕਿਰਾਇਆ/ਮੁਨਾਫ਼ਾ ਕੱਢਦੀਆਂ ਹਨ, ਜਿਵੇਂ ਕਿ ਜਗੀਰੂ ਮਾਲਕਾਂ ਨੇ ਆਪਣੀਆਂ ਜ਼ਮੀਨਾਂ ਤੋਂ ਕਿਰਾਏ ਇਕੱਠੇ ਕੀਤੇ ਸਨ। ਜਿਹੜੇ ਲੋਕ ਵੱਡੀ ਮਾਤਰਾ ਵਿਚ ਡੇਟਾ ਨੂੰ ਨਿਯੰਤਰਿਤ ਕਰਦੇ ਹਨ ਉਹ ਮਹੱਤਵਪੂਰਨ ਆਰਥਿਕ ਅਤੇ ਸਮਾਜਕ ਸ਼ਕਤੀ ਰੱਖਦੇ ਹਨ। ਇਸ ਕਿਸਮ ਦੇ ਨਵ-ਫ਼ਿਊਡਲੀ ਤੇ ਨਵ-ਪੂੰਜੀਵਾਦੀ ਨਿਜ਼ਾਮ ਵਿਚ ਡਾਟੇ ਦੀ ਜੰਗ ਚਲ ਰਹੀ ਹੈ। ਅਸਲ ਵਿਚ ਇੱਕੀਵੀਂ ਸਦੀ ਦੀ ਸ਼ੁਰੂਆਤ ਤੋਂ ਵਿਸ਼ਵ ਆਰਥਿਕ ਅਤੇ ਸਮਾਜਕ ਵਿਵਸਥਾ ਵਿਚ ਵੱਡੀ ਤਬਦੀਲੀ ਆਈ ਹੈ ਜੋ ਡਿਜੀਟਲ ਬੁਨਿਆਦੀ ਢਾਂਚੇ, ਡੇਟਾ ਨਿਯੰਤਰਣ ਅਤੇ ਨਿਰੋਲ ਮੁਨਾਫ਼ੇ 'ਤੇ ਅਧਾਰਿਤ ਹੈ। ਅਜਿਹੀ ਤਬਦੀਲੀ ਨੂੰ ਮਾਨਵਤਾ ਪੱਖੀ ਸਿੱਧ ਕਰਨ ਲਈ ਵੱਖ-ਵੱਖ ਬਿਰਤਾਂਤ ਸਿਰਜੇ ਏਆਈ ਦੇ ਸਮਰੱਥ ਪਲੇਟਫਾਰਮਾਂ ਰਾਹੀਂ ਸਵੈ-ਪ੍ਰਸਾਰਿਤ ਕੀਤੇ ਜਾਂਦੇ ਰਹੇ ਹਨ। ਇਸ ਤਰ੍ਹਾਂ ਲੋਕਾਂ ਨੂੰ ਨਿਯੰਤਰਿਤ ਹੀ ਕੀਤਾ ਜਾ ਰਿਹਾ ਹੈ। ਸੋ ਅਜਿਹੀ ਉਭਰੀ ਨਵੀਂ ਵਿਵਸਥਾ ਨੂੰ ਸਮਝਣਾ ਵੀ ਅਹਿਮ ਹੋ ਜਾਂਦਾ ਹੈ।

ਜਦੋਂ ਅਸੀ ਉਦਯੋਗਿਕ ਯੁੱਗ ਤੋਂ ਡਿਜੀਟਲ ਯੁੱਗ ਵਿਚ ਪ੍ਰਵੇਸ਼ ਕਰਦੇ ਹਾਂ, ਇਕ ਨਵਾਂ ਪੈਰਾਡਾਈਮ ਉਭਰਿਆ ਹੈ ਜੋ ਨੀਹਾਂ ਤੋਂ ਸਾਡੇ ਸਮਾਜ ਨੂੰ ਨਵੀਂ ਬਣਤ ਬਣਾਉਂਦਾ ਹੈ। ਇਹ ਪੈਰਾਡਾਈਮ, ਜਿਸਨੂੰ ਅਸੀਂ 'ਤਕਨੀਕੀ ਜਾਗੀਰਵਾਦ' ਕਹਿੰਦੇ ਹਾਂ, ਰਵਾਇਤੀ ਪੂੰਜੀਵਾਦੀ ਢਾਂਚੇ ਤੋਂ ਅਹਿਮ ਛੁਟਕਾਰੇ ਅਤੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ (AI) ਅਤੇ ਵੱਡ-ਤਕਨੀਕੀ ਕਾਰਪੋਰੇਸ਼ਨਾਂ ਦੇ ਦਬਦਬੇ ਵਾਲੇ ਨਵੇਂ ਯੁੱਗ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ। ਇਹ ਨਵੀਂ ਆਰਥਿਕ ਅਤੇ ਸਮਾਜਕ ਵਿਵਸਥਾ ਹੈ ਜਿਸ ਵਿਚ, ਇਹ ਨਵ-ਫ਼ਿਊਡਲੀ ਸੰਸਥਾਵਾਂ ਆਧੁਨਿਕ ਸਮੇਂ ਦੇ ਜਾਗੀਰਦਾਰਾਂ ਵਜੋਂ ਕੰਮ ਕਰਦੀਆਂ ਹਨ, ਡਿਜੀਟਲ ਉਤਪਾਦਨ ਅਤੇ ਵਿਤਰਣ ਦੇ ਪ੍ਰਾਇਮਰੀ ਸਾਧਨਾਂ ਨੂੰ ਨਿਯੰਤਰਿਤ ਕਰਦੀਆਂ ਹਨ। ਰਵਾਇਤੀ ਪੂੰਜੀਵਾਦ ਦੇ ਮੁਕਾਬਲੇਬਾਜ਼ ਬਾਜ਼ਾਰਾਂ ਦੇ ਉਲਟ, ਤਕਨੀਕੀ


www.sanvad.org
ISSN : 2395-1273

ਜਾਗੀਰਵਾਦ ਦੀਆਂ ਵਿਸ਼ੇਸ਼ਤਾਵਾਂ ਵਿਚ ਡਿਜੀਟਲ ਪਲੇਟਫਾਰਮ ਅਰਥ-ਵਿਵਸਥਾਵਾਂ ਅਤੇ ਮੁਨਾਫ਼ੇ/ਕਿਰਾਏਦਾਰੀ ਸੁਭਾਅ ਪ੍ਰਮੁਖ ਹੈ।'[14] ਸੋ ਆਰਟੀਫ਼ੀਸ਼ੀਅਲ ਇੰਟੈਲੀਜੈਂਸ (AI) ਅਤੇ ਵੱਡ-ਤਕਨੀਕੀ ਕਾਰਪੋਰੇਸ਼ਨਾਂ ਦੇ ਦਬਦਬੇ ਵਾਲੇ ਨਵੇਂ ਯੁੱਗ ਵਿਚ ਡਿਜੀਟਲ ਪਲੇਟਫਾਰਮ, ਮੀਡੀਆ/ਸੋਸ਼ਲ ਮੀਡੀਆ, ਵਿਗਿਆਪਨ, ਭਾਸ਼ਣ ਤੇ ਪ੍ਰਵਚਨ ਬਿਰਤਾਂਤਾਂ ਦੀ ਜੰਗ ਲੜਨ ਦਾ ਮੁੱਖ ਸਾਧਨ ਬਣਦੇ ਹਨ। ਅੱਜਕੱਲ੍ਹ ਏਆਈ (AI) ਰਾਹੀਂ ਜਨਤਾ ਨੂੰ ਨਿਯੰਤ੍ਰਤ ਕੀਤਾ ਜਾਂਦਾ ਹੈ, ਲਹਿਰਾਂ, ਅੰਦੋਲਨ ਬਣਾਏ ਜਾਂਦੇ ਹਨ ਅਤੇ ਬਾਜ਼ਾਰ ਜਨਤਾ ਦੇ ਘਰ ਪਹੁੰਚਾਇਆ ਜਾਂਦਾ ਹੈ। ਉੱਨਤ ਪੂੰਜੀਵਾਦ/ਕਾਰਪੋਰੇਟਸ ਜਗਤ ਐਸਾ ਬਿਰਤਾਂਤ ਬੁਣਦਾ ਹੈ ਕਿ ਕਦਰਾਂ-ਕੀਮਤਾਂ ਵਿਹੂਣਾ ਖ਼ਪਤੀ ਸਮਾਜ-ਸਭਿਆਚਾਰ ਸਿਰਜ ਦਿੱਤਾ ਜਾਂਦਾ ਹੈ। ਇਹ ਕਾਰਪੋਰੇਟਸ ਜਗਤ ਸਿਆਸੀ ਗੁੱਟਾਂ/ਪਾਰਟੀਆਂ ਰਾਹੀਂ ਸੰਸਾਰ ਪੱਧਰ 'ਤੇ ਆਪਣੀ ਮਨਮਰਜ਼ੀ ਦਾ 'ਵਿਸ਼ਵ ਆਰਡਰ' ਨਿਰਮਾਣ ਕਰਨ ਅਤੇ ਉਸ ਨੂੰ ਕਾਇਮ ਰੱਖਣ ਦਾ ਯਤਨ ਕਰਦਾ ਰਹਿੰਦਾ ਹੈ। ਅਜਿਹੀ ਰਾਜਨੀਤੀ ਤੇ ਅੰਤਰ-ਰਾਸ਼ਟਰੀ ਸਬੰਧਾਂ ਨੂੰ ਅੱਜਕੱਲ੍ਹ ਜਿਓ ਪੌਲੀਟਿਕਸ ਤੇ ਜਿਓ ਇਕਨੌਮਿਕਸ ਦੇ ਸੰਕਲਪਾਂ ਨਾਲ ਵੀ ਸਮਝਿਆ ਜਾਂਦਾ ਹੈ ਜੋ ਦੇਸਾਂ ਦੀ ਵਿਦੇਸ਼, ਆਰਥਿਕ ਤੇ ਫੌਜੀ ਨੀਤੀ ਅਤੇ ਰਣਨੀਤੀ ਪ੍ਰਭਾਵਿਤ ਕਰਦੇ ਹਨ।

**ਰਾਜਨੀਤਕ (ਸੱਤਾ ਤੇ ਵਿਰੋਧੀ ਧਿਰ ਦੇ) ਬਿਰਤਾਂਤ ਅਤੇ ਪ੍ਰਤਿਰੋਧੀ ਬਿਰਤਾਂਤ**

ਸਭਿਅਤਾਵਾਂ ਦੇ ਭੇੜ ਵਿਚ ਬਿਰਤਾਂਤਾਂ ਦਾ ਵੀ ਭੇੜ ਹੁੰਦਾ ਹੈ। ਕਈ ਪਰੰਪਰਾਗਤ ਧਾਰਨਾਵਾਂ, ਵਿਸ਼ਵਾਸਾਂ, ਤੱਥਾਂ, ਮਿਥਾਂ ਤੇ ਮਾਨਤਾਵਾਂ ਨੂੰ ਸੰਮਿਲਤ ਕਰਕੇ ਪ੍ਰਭਾਵਸ਼ਾਲੀ ਬਿਰਤਾਂਤ ਸਿਰਜੇ ਜਾਂਦੇ ਹਨ। ਸਮਕਾਲੀ ਸਮੇਂ ਵਿਚ ਸੱਤਾਵਾਨ ਧਿਰਾਂ ਮੀਡੀਆ ਰਾਹੀਂ ਵੱਖ-ਵੱਖ ਰਾਜਨੀਤਕ ਤੇ ਸਮਾਜ/ਸਭਿਆਚਾਰਕ ਖੇਤਰਾਂ ਵਿਚ ਵਿਭਿੰਨ ਬਿਰਤਾਂਤਾਂ ਦਾ ਨਿਰਮਾਣ ਕਰਦੀਆਂ ਹਨ ਅਤੇ ਉਨ੍ਹਾਂ ਦੀ ਭਰਪੂਰ ਵਰਤੋਂ ਜਾਂ ਪ੍ਰਸਾਰਨ ਲਈ 'ਵਾਰ-ਰੂਮ' ਬਣਾਏ ਜਾਂਦੇ ਹਨ ਜਿਥੋਂ ਸੱਤਾ ਹਾਸਿਲ ਕਰਨ ਲਈ ਲੜਾਈ ਲੜੀ ਜਾਂਦੀ ਹੈ। ਵੈਸੇ ਤਾਂ ਸਾਰੇ ਦਲ ਆਪਣੇ ਰਾਜਨੀਤਕ ਬਿਰਤਾਂਤਾਂ ਨੂੰ ਫੈਲਾਉਂਦੇ ਹਨ ਪਰ ਸੱਤਾਧਾਰੀ ਦਲ ਦੇ ਬਿਰਤਾਂਤ ਆਮ ਤੌਰ 'ਤੇ ਵਧੇਰੇ ਪ੍ਰਭਾਵਸ਼ਾਲੀ ਹੁੰਦੇ ਹਨ। ਸੱਤਾ ਬਦਲਦਿਆਂ ਇਹ ਸਮੇਂ-ਸਮੇਂ 'ਤੇ ਬਦਲਦੇ ਰਹਿੰਦੇ ਹਨ। ਇਸੇ ਤਰ੍ਹਾਂ ਧਾਰਮਿਕ ਬਿਰਤਾਂਤ ਹਨ ਜੋ ਵੱਖ-ਵੱਖ ਧਾਰਮਿਕ ਸਮੂਹ ਇਨ੍ਹਾਂ ਰਾਹੀਂ ਆਪਣਾ ਪ੍ਰਭਾਵ ਕਾਇਮ ਰੱਖਣ ਦੀ ਕੋਸ਼ਿਸ਼ ਕਰਦੇ ਹਨ। ਪੰਜਾਬ ਵਿਚ ਸਿੱਖ ਧਾਰਮਿਕ ਸੰਸਥਾਵਾਂ ਦੇ ਬਿਰਤਾਂਤ ਅਹਿਮ ਪ੍ਰਭਾਵ ਰੱਖਦੇ ਹਨ। ਸਭਿਆਚਾਰਕ ਬਿਰਤਾਂਤਾਂ ਵਿਚ ਪੰਜਾਬੀ ਸਭਿਆਚਾਰ, ਪੰਜਾਬੀਅਤ ਅਤੇ ਪੰਜਾਬੀ ਭਾਸ਼ਾ ਦੇ ਬਿਰਤਾਂਤ ਉਸਰਦੇ ਰਹੇ ਹਨ। ਇਤਿਹਾਸਕ ਬਿਰਤਾਂਤਾਂ ਵਿਚ ਪੰਜਾਬ ਦੀ ਵੰਡ, ਪੰਜਾਬੀ ਸੂਬਾ ਅੰਦੋਲਨ, ਨਕਸਲਵਾੜੀ, ਖਾੜਕੂ ਲਹਿਰ ਬਾਰੇ ਵੱਖ-ਵੱਖ ਬਿਰਤਾਂਤ ਤੇ ਪ੍ਰਤੀ-ਬਿਰਤਾਂਤ ਮੌਜੂਦ ਹਨ, ਜੋ ਵੱਖ-ਵੱਖ ਘਟਨਾਵਾਂ ਦੀ ਵਿਆਖਿਆ ਕਰਦੇ ਹਨ। ਆਰਥਿਕ ਬਿਰਤਾਂਤਾਂ ਵਿਚ ਖ਼ੁਸ਼ਹਾਲੀ (ਰੰਗਲਾ ਪੰਜਾਬ, ਸ਼ਾਇਨਿੰਗ ਇੰਡੀਆ ਆਦਿ) ਸੱਤਾ ਧਿਰਾਂ ਵੱਲੋਂ ਅਤੇ ਪ੍ਰਤੀ-ਬਿਰਤਾਂਤਾਂ ਵਿਚ ਕਰਜ਼ੇ, ਕਿਸਾਨੀ ਸੰਕਟ, ਉਜਾੜੇ, ਪੰਜਾਬੀਆਂ ਕੋਲੋਂ ਖੁਸ ਰਿਹਾ ਪੰਜਾਬ ਅਤੇ ਬੇਰੁਜ਼ਗਾਰੀ ਆਦਿ ਦੇ ਬਿਰਤਾਂਤ ਪ੍ਰਭਾਵਸ਼ਾਲੀ ਹਨ।

ਸੱਤਾ ਦੇ ਬਿਰਤਾਂਤ ਜਨਤਕ ਰਾਏ ਨੂੰ ਪ੍ਰਭਾਵਿਤ ਕਰਕੇ ਸੱਤਾ ਦੇ ਹੱਕ ਵਿਚ ਭੁਗਤਣ ਵਾਲੀ ਰਾਏ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਤਿਹਾਸ ਦੀ ਮਨ-ਮਰਜ਼ੀ ਦੀ ਵਿਆਖਿਆ ਕਰਕੇ ਬਦਲਣ ਦੀ ਕੋਸ਼ਿਸ਼ ਕਰਦੇ ਹਨ। ਸੱਤਾ ਦੀ ਉਮਰ ਵਧਾਉਣ ਲਈ ਇਤਿਹਾਸ-ਮਿਥਿਹਾਸ ਦਾ ਪੁਨਰ-ਲੇਖਣ ਕਰਵਾਇਆ ਜਾਂਦਾ ਹੈ। ਦੇਸ/ਰਾਜ ਦੀਆਂ ਸੰਵਿਧਾਨਕ ਤੇ ਗੈਰ-ਸੰਵਧਾਨਿਕ ਸੰਸਥਾਵਾਂ ਨੂੰ ਨਿਯੰਤਰਿਤ ਕੀਤਾ ਜਾਂਦਾ ਹੈ। ਸਿੱਖਿਆ-ਸੰਸਥਾਵਾਂ ਦੇ ਪ੍ਰੋਗਰਾਮਾਂ/ਕੋਰਸਾਂ ਵਿਚ ਆਪਣੀ ਮਨਸ਼ਾ ਤੇ ਵਿਚਾਰਧਾਰਾ ਮੁਤਾਬਿਕ ਸਿਲੇਬਸ ਲਾਏ ਜਾਂਦੇ ਹਨ। ਆਪਣੇ ਹਿੱਤ ਵਿਚ ਭੁਗਤਣ ਵਾਲੇ ਨਵੇਂ ਕਾਨੂੰਨ ਬਣਾਏ ਅਤੇ ਪੁਰਾਣਿਆਂ ਵਿਚ ਸੋਧਾਂ ਕੀਤੀਆਂ ਜਾਂਦੀਆਂ ਹਨ। ਸਮਾਜਕ ਅਤੇ ਰਾਜਨੀਤਕ ਮੁੱਦਿਆਂ ਦੀ ਫ਼ਰੇਮਿੰਗ ਕੀਤੀ ਜਾਂਦੀ ਹੈ। ਇਹ ਬਹੁਤੀ ਵਾਰ ਵਿਰੋਧੀ ਧਿਰ ਨੂੰ ਹਰਾਉਣ ਲਈ ਹਮਲਾਵਰ ਲਹਿਜੇ ਵਿਚ ਅਤੇ ਵਿਰੋਧੀ ਧਿਰ ਦੇ ਅਜਿਹੇ ਹਮਲਿਆਂ ਤੋਂ ਬਚਣ ਲਈ ਰੱਖਿਆਤਮਕ ਲਹਿਜੇ ਵਿਚ ਸਾਹਮਣੇ ਆਉਂਦੇ ਹਨ। ਆਪਣਿਆਂ ਨੂੰ ਨਾਇਕ, ਦੇਸ-ਭਗਤ ਜਾਂ ਰਾਸ਼ਟਰ ਦੇ ਮੁਕਤੀਦਾਤਾ ਬਣਾਉਂਦੇ ਹਨ। ਦੂਸਰਿਆਂ ਨੂੰ ਖ਼ਲਨਾਇਕ, ਗ਼ਦਾਰ, ਰਾਸ਼ਟਰ/ਦੇਸ-ਵਿਰੋਧੀ ਬਣਾਉਂਦੇ ਹਨ। ਦੂਜੇ ਪਾਸੇ ਵਿਰੋਧੀ ਧਿਰ ਦੇ ਬਿਰਤਾਂਤ ਸੱਤਾ ਦੇ ਬਿਰਤਾਂਤਾਂ ਦੇ ਮੁਕਾਬਲੇ/ਉਲਟ ਵਧੇਰੇ ਤੌਰ 'ਤੇ ਪ੍ਰਤੀਉੱਤਰ ਦੇ ਰੂਪ ਵਿਚ ਸਿਰਜੇ ਜਾਂਦੇ ਹਨ ਤੇ ਇਹ ਵਧੇਰੇ ਹਮਲਾਵਰ ਲਹਿਜੇ ਵਿਚ ਸਿਰਜੇ ਜਾਂਦੇ ਹਨ। ਦੋਵੇਂ ਧਿਰਾਂ ਸੱਤਾ ਹਾਸਿਲ ਕਰਨ ਲਈ ਜਾਂ ਰਣਨੀਤਕ ਉਦੇਸ਼ਾਂ ਦੀ ਪ੍ਰਾਪਤੀ ਲਈ ਵੱਖ-ਵੱਖ ਬਿਰਤਾਂਤਾਂ ਦੀ ਸਿਰਜਣਾ ਕਰਕੇ ਇਕ ਸ਼ਕਤੀਸ਼ਾਲੀ ਹਥਿਆਰ ਵਾਂਗ

ਵਰਤਦੀਆਂ, ਇਕ-ਦੂਜੀ ਨੂੰ ਪਸਤ ਕਰਨਾ ਚਾਹੁੰਦੀਆਂ ਹਨ। ਇਹ ਦੋਵੇਂ 'ਰਾਜਨੀਤਕ ਬਿਰਤਾਂਤ' ਹਨ। ਤੀਜੇ ਪ੍ਰਤਿਰੋਧੀ ਬਿਰਤਾਂਤ, ਜੋ ਸਿਵਲ ਸੁਸਾਇਟੀ, ਜਨਤਕ ਸਮੂਹਾਂ ਤੇ ਸਮਾਜ ਵਿਚਲਿਆਂ ਆਮ ਮਾਨਵੀ ਧਿਰਾਂ ਦੁਆਰਾ ਨਿਰਮਤ ਹੁੰਦੇ ਹਨ। ਅਜਿਹੇ ਬਿਰਤਾਂਤ ਹਰ ਤਰ੍ਹਾਂ ਦੇ ਅਮਾਨਵੀ ਵਰਤਾਰੇ ਵਿਰੁੱਧ ਸਮਾਜਕ ਤਬਦੀਲੀ ਨੂੰ ਲਿਆਉਣ ਵਿਚ ਸ਼ਕਤੀਸ਼ਾਲੀ ਭੂਮਿਕਾ ਨਿਭਾਉਂਦੇ ਹਨ। ਬਲੈਕ ਲਾਈਵਜ਼ ਮੈਟਰ ਜਾਂ #MeToo ਵਰਗੀਆਂ ਲਹਿਰਾਂ ਮੌਜੂਦਾ ਸ਼ਕਤੀ ਢਾਂਚੇ ਨੂੰ ਚੁਣੌਤੀ ਦੇਣ ਅਤੇ ਸਮਾਜਕ ਨਿਆਂ ਦੀ ਵਕਾਲਤ ਕਰਨ ਲਈ ਬਿਰਤਾਂਤ ਦੀ ਵਰਤੋਂ ਕਰਦੀਆਂ ਹਨ।

### ਰਾਜਨੀਤਕ ਬਿਰਤਾਂਤਾਂ ਦੀ ਕਾਰਜਸ਼ੈਲੀ ਤੇ ਰਣਨੀਤੀ

ਜਿਵੇਂ ਕਿ ਚਰਚਾ ਕਰ ਆਏ ਹਾਂ ਕਿ ਬਿਰਤਾਂਤਾਂ ਦੀ ਲੜਾਈ ਵਿਚ ਜਨਤਾ ਨੂੰ ਕਾਇਲ ਕਰਕੇ ਆਪਣੇ ਖੇਮੇ ਵਿਚ ਸ਼ਾਮਿਲ ਕਰਨ ਲਈ ਬਿਰਤਾਂਤ ਸ਼ਕਤੀਸ਼ਾਲੀ ਸੰਦ ਹਨ। ਮੁੱਦੇ ਬਣਾਉਣਾ, ਸਮਕਾਲੀ ਵਰਤਾਰੇ ਸਨਮੁਖ ਇਕ ਮੁੱਦਾ ਖੜ੍ਹਾ ਕਰਕੇ ਉਸ ਨੂੰ ਵਿਸ਼ੇਸ਼ ਸ਼ਬਦਾਂ ਦੀ ਚੋਣ ਤੇ ਸੰਦਰਭ ਦਿੱਤਾ ਜਾਂਦਾ ਹੈ। ਬਿਰਤਾਂਤ ਨੂੰ ਪ੍ਰਭਾਵਸ਼ਾਲੀ ਤੇ ਮੰਤਵ-ਸਿੱਧ ਬਣਾਉਣ ਲਈ ਕਈ ਤਰ੍ਹਾਂ ਦੇ ਸ਼ਬਦਾਂ/ਅਰਥਾਂ/ਭਾਵਨਾਵਾਂ ਦੀ ਸਾਣ 'ਤੇ ਲਾ ਕੇ ਤਿੱਖਾ ਕੀਤਾ ਜਾਂਦਾ ਹੈ। ਸਿਆਸੀ ਧਿਰਾਂ ਵਿਸ਼ੇਸ਼ ਪਛਾਣਾਂ ਨੂੰ ਕੋਈ ਨਾ ਕੋਈ ਭਾਵੁਕ ਅਪੀਲ ਕਰਕੇ ਸਮਰਥਨ ਜੁਟਾਉਂਦੀਆਂ ਜਾਂ ਆਪਣੇ ਹੱਕ ਵਿਚ ਭੁਗਤਾਉਂਦੀਆਂ ਹਨ। ਪਿਛਲੇ ਸਮੇਂ ਅਜਿਹੇ ਬਹੁਤ ਸਾਰੇ ਬਿਰਤਾਂਤ ਪੈਦਾ ਤੇ ਪ੍ਰਸਾਰਿਤ ਕੀਤੇ ਗਏ ਜਿਨ੍ਹਾਂ ਵਿਚ ਕਈ ਸੂਤਰ ਸਾਂਝੇ ਹਨ। ਨਿਰਮਾਣ-ਕਰਤਾ ਇਕ ਵਿਸ਼ੇਸ਼ ਸਟਰੈਟਿਜੀ 'ਤੇ ਕੰਮ ਕਰਦੇ ਹਨ। ਉਹ ਸਭ ਤੋਂ ਪਹਿਲਾਂ ਵਿਸ਼ੇਸ਼ ਪਛਾਣ/ਸੰਪਰਦਾ/ਧਰਮ/ਜਾਤ/ਸਮੂਹ ਦਾ ਗੌਰਵ/ਹਉਮੈਂ ਜਾਂ ਉਸਦੀ ਮਹਾਨਤਾ ਨੂੰ ਦਰਸਾਇਆ ਜਾਂਦਾ ਹੈ। ਇਸ ਉਪਰੰਤ ਉਸ ਵਿਸ਼ੇਸ਼ ਸਮੂਹ ਨਾਲ ਮੁੱਦਤਾਂ ਤੋਂ ਹੁੰਦੇ ਅਨਿਆਂ/ਵਿਤਕਰੇ/ ਅਤਿਆਚਾਰ ਦੀ ਕਹਾਣੀ ਜੋੜ ਕੇ ਪੀੜਤ ਹੋਣ ਦਾ ਅਹਿਸਾਸ ਕਰਾਇਆ ਜਾਂਦਾ ਹੈ। ਅਗਲੀ ਕੜੀ ਵਿਚ ਉਸ ਸਮੂਹ ਦੀ ਹੋਂਦ/ਪਛਾਣ ਨੂੰ ਖ਼ਤਰਾ ਦੱਸ ਕੇ ਜਨਤਾ ਦੀਆਂ ਭਾਵਨਾਵਾਂ ਨੂੰ ਉਤੇਜਿਤ ਕੀਤਾ ਜਾਂਦਾ ਹੈ ਜਾਂ ਉਨ੍ਹਾਂ ਅੰਦਰ ਡਰ-ਭੈਅ ਤੇ ਅਸੁਰੱਖਿਆ ਦੀ ਭਾਵਨਾ ਪੈਦਾ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਬਿਰਤਾਂਤ ਦੇ ਉਦੇਸ਼ ਵਾਲੀ ਅਸਲੀ ਤੇ ਅੰਤਮ ਕੜੀ ਵਿਚ ਇਸ ਸਭ ਕੁਝ ਤੋਂ ਬਾਹਰ ਕੱਢਣ ਵਾਲਾ ਨਾਇਕਤਵ/ਲੀਡਰ ਸਾਹਮਣੇ ਲਿਆਂਦਾ ਜਾਂਦਾ ਹੈ, ਦੂਜੀਆਂ ਕੜੀਆਂ ਦੇ ਸਮਾਨੰਤਰ ਉਸਦੀ ਬ੍ਰਾਂਡਿੰਗ ਕੀਤੀ ਜਾਂਦੀ ਹੈ। ਉਸ ਨੂੰ ਸਮਕਾਲੀ ਮੁੱਦਿਆਂ/ ਸੰਕਟਾਂ ਦਾ ਮੁਕਤੀਦਾਤੇ, ਬੇਹੱਦ ਯੋਗ ਜਾਂ ਰਾਸ਼ਟਰ ਦੇ ਮਸੀਹੇ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ ਅਤੇ ਉਸ ਦੇ ਮੁਕਾਬਲੇ ਵਿਚ ਮੌਜੂਦ ਵਿਰੋਧੀਆਂ ਨੂੰ ਖ਼ਲਨਾਇਕ, ਭ੍ਰਿਸ਼ਟ ਤੇ ਅਯੋਗ ਠਹਿਰਾਉਣ ਲਈ ਬਿਰਤਾਂਤ ਸਿਰਜੇ ਜਾਂਦੇ ਹਨ ਤਾਂ ਕਿ ਜਨਤਾ ਵਿਚ ਉਨ੍ਹਾਂ ਦੀ ਭਰੋਸੇ-ਯੋਗਤਾ ਖ਼ਤਮ ਕੀਤੀ ਜਾ ਸਕੇ।

ਭਾਸ਼ਣਾਂ, ਵਿਗਿਆਪਨਾਂ, ਮੀਡੀਆ ਅਤੇ ਸੋਸ਼ਲ ਨੈਟਵਰਕਸ ਦੁਆਰਾ ਅਜਿਹੇ ਸਿਆਸੀ ਬਿਰਤਾਂਤ ਦੀ ਵਾਰ-ਵਾਰ ਦੁਹਰਾਅ ਕੇ ਸਵੈ-ਹਿੱਤੀ ਬਿਰਤਾਂਤ ਨੂੰ ਜਨਤਕ ਚੇਤਨਾ/ ਜਨਤਾ ਦੇ ਜ਼ਿਹਨ ਵਿਚ ਬੈਠਾ ਦਿੱਤਾ ਜਾਂਦਾ ਹੈ। ਸਮਕਾਲੀ ਡਿਜੀਟਲ ਯੁਗ ਵਿਚ ਬਿਰਤਾਂਤਕ ਜੰਗ, ਡਾਟਾ-ਵਾਰ ਦੇ ਰੂਪ ਵਿਚ ਬੜੇ ਖ਼ਤਰਨਾਕ ਮੋੜ 'ਤੇ ਪਹੁੰਚ ਗਈ ਹੈ। ਏਆਈ (AI) ਸਕਿੰਟਾਂ ਵਿਚ ਸੂਚਨਾਵਾਂ/ਡੇਟਾ ਇਕੱਤਰ ਕਰਕੇ ਅਤੇ ਵਿਸ਼ਲੇਸ਼ਣ ਕਰਕੇ ਰੁਝਾਨਾਂ ਦੀ ਭਵਿੱਖਬਾਣੀ ਕਰ ਸਕਦੀ ਹੈ, ਜੋ ਨੀਤੀਆਂ ਬਣਾਉਣ ਅਤੇ ਜਨਤਕ ਧਾਰਨਾਵਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ। ਇਹ ਜਨਤਾ ਦੇ ਵਿਹਾਰ, ਪਸੰਦਾਂ ਤੇ ਨਾ-ਪਸੰਦਾਂ ਦੇ ਆਧਾਰ 'ਤੇ ਐਸੀ ਸਮੱਗਰੀ ਤਿਆਰ ਕਰਦੀ ਹੈ, ਜੋ ਲੋਕਾਂ ਦੇ ਵਿਚਾਰਾਂ ਅਤੇ ਰੁਝਾਨਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ। ਇਸ ਵਿਚ ਏਆਈ ਸੰਚਾਲਿਤ ਐਲਗੋਰਿਦਮਜ ਹੀ ਨਿਰਧਾਰਤ ਕਰਦੇ ਹਨ ਕਿ ਜਨਤਕ ਰਾਏ ਨੂੰ ਮੋੜ ਦੇਣ ਲਈ ਕਿਹੜੀ ਚੀਜ਼ ਦਿਖਾਈ ਜਾਵੇ। ਇਹ ਮਿੰਟਾਂ-ਸਕਿੰਟਾਂ 'ਚ ਭਰਮਾਊ ਜਾਣਕਾਰੀ ਫੈਲਾਉਣ ਲਈ ਵਰਤੀ ਜਾ ਸਕਦੀ ਹੈ, ਜੋ ਤਟ-ਫੱਟ ਜਨਤਕ ਰਾਏ ਬਦਲ ਸਕਦੀ ਹੈ। ਇਹ ਲਹਿਰਾਂ/ਮੁਹਿਮਾਂ ਨੂੰ ਸਿਰਜਣ ਅਤੇ ਲਹਿਰਾਂ/ਮੁਹਿਮਾਂ ਨੂੰ ਦਬਾਉਣ ਲਈ ਸਵੈ-ਚਾਲਿਤ ਕਾਰਜ ਕਰ ਸਕਦੀ ਹੈ। ਇਸ ਦੁਆਰਾ ਨਿਰਮਤ ਬਿਰਤਾਂਤ ਜਨਤਾ 'ਤੇ ਸਕਾਰਾਤਮਕ ਅਤੇ ਨਕਾਰਾਤਮਕ ਦੋਵੇਂ ਪ੍ਰਭਾਵ ਪਾ ਸਕਦੇ ਹਨ। ਇਵੇਂ ਹੀ ਬਿਰਤਾਂਤਕਾਰ ਲੋਕਾਂ ਦੇ ਵਿਹਾਰਾਂ, ਰੁਚੀਆਂ, ਜਨੂੰਨਾਂ, ਭਾਵਨਾਵਾਂ ਜਿਵੇਂ ਕਿ ਡਰ, ਖ਼ਤਰੇ, ਉਮੀਦ, ਹੰਕਾਰ ਜਾਂ ਗੁੱਸੇ ਨੂੰ ਕੈਸ਼ ਕਰਦੇ ਹਨ। ਇਉਂ ਹੀ ਵੱਖ-ਵੱਖ ਧਰਮਾਂ/ਜਾਤਾਂ/ਜਮਾਤਾਂ/ਕੌਮੀਅਤਾਂ ਆਦਿ ਵਿਚ ਵੰਡੇ ਸਮਾਜਾਂ/ਦੇਸ਼ਾਂ ਵਿਚ ਵੋਟਾਂ ਦਾ ਧਰੁੱਵੀਕਰਨ ਕਰਦੇ ਹਨ। ਦੂਜੀ ਧਿਰ ਇਸ ਦੇ ਮੁਕਾਬਲੇ 'ਤੇ ਅਜਿਹੀ ਰਣਨੀਤੀ ਨਾਲ ਹੀ ਕਾਊਂਟਰ-ਬਿਰਤਾਂਤ ਸਿਰਜਦੀ ਹੈ। ਇਸ ਮੁਕਾਬਲੇ ਵਿਚ ਜਿਹੜੀ ਧਿਰ ਸਮਕਾਲੀ ਸਥਿਤੀ ਮੁਤਾਬਕ ਪ੍ਰਸੰਗਿਕ, ਪ੍ਰਭਾਵਸ਼ਾਲੀ ਤੇ ਤਿੱਖੇ ਬਿਰਤਾਂਤ ਸਿਰਜ ਗਈ, ਉਹ ਜਿੱਤ ਜਾਂਦੀ ਹੈ।


**www.sanvad.org**
ISSN : 2395-1273

## ਨਵਾਂ ਵਿਸ਼ਵ ਆਰਡਰ ਤੇ ਬਿਰਤਾਂਤ

ਅਜੋਕੇ ਪੂੰਜੀਵਾਦ/ਨਵ-ਬਸਤੀਵਾਦ ਦੀ ਛੱਤਰ-ਛਾਇਆ ਵਿਚ ਸੰਸਾਰ ਪੱਧਰ 'ਤੇ ਆਰਥਿਕ ਤੇ ਰਾਜਨੀਤਕ ਰਣਨੀਤੀਆਂ ਬਣਦੀਆਂ ਤੇ ਲਾਗੂ ਹੁੰਦੀਆਂ ਹਨ। ਮੋਟੇ ਤੌਰ 'ਤੇ ਸੰਸਾਰ ਨੂੰ ਦੋ-ਧਿਰਾਂ ਵਿਚ ਰੱਖ ਕੇ ਸਮਝਿਆ ਜਾਂਦਾ ਰਿਹਾ ਹੈ। ਇਸਦੇ ਅੱਗੇ ਕਈ ਗੁੱਟ ਹਨ ਜੋ ਆਪਣੇ ਆਕਾਵਾਂ ਦੇ ਮਨਸ਼ਿਆਂ ਦੀ ਪੂਰਤੀ ਲਈ ਕਰੋੜਾਂ ਸੂਚਨਾਵਾਂ ਜਾਂ ਜਾਸੂਸੀ ਦੇ ਆਧਾਰ 'ਤੇ ਬਿਰਤਾਂਤ ਘੜ੍ਹਦੇ ਹਨ। ਸੰਸਾਰ ਭਰ ਵਿਚ ਸਰਕਾਰਾਂ ਬਣਾਉਂਦੇ-ਡੇਗਦੇ ਹਨ। ਇਸਨੂੰ ਜਿਓ ਪੌਲਟਿਕਸ ਦੇ ਨਜ਼ਰੀਏ ਤੋਂ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਸਭ ਦੇਸ਼ਾਂ ਦੀਆਂ ਆਰਥਿਕ ਨੀਤੀਆਂ, ਵਿਦੇਸ਼-ਨੀਤੀਆਂ, ਵਪਾਰਕ ਪੈਟਰਨ, ਫੌਜੀ ਫ਼ੈਸਲੇ, ਗੱਠਜੋੜ ਅਤੇ ਅੰਤਰ-ਰਾਸ਼ਟਰੀ ਸਬੰਧਾਂ ਵਿਚ ਕੁਝ ਕੁ ਵਿਸ਼ਵੀ ਤਾਕਤਾਂ ਦਾ ਪੂਰਾ ਦਖ਼ਲ ਹੁੰਦਾ ਹੈ। 'ਇਲੂਮੀਨਾਤੀ' ਤੇ 'ਹਾਊਸ ਆਫ਼ ਰੌਥਜਚਾਈਲਡ' ਵਰਗੀਆਂ ਅੰਡਰ-ਗਰਾਊਂਡ ਸੰਸਥਾਵਾਂ ਬਾਰੇ ਅੱਜਕੱਲ੍ਹ ਚਰਚਾ ਹੈ ਕਿ ਅਜਿਹੀਆਂ ਸੰਸਥਾਵਾਂ, ਵੱਡੀਆਂ ਕਾਰਪੋਰੇਟ ਕੰਪਨੀਆਂ ਅਤੇ ਵੱਡੇ ਬੈਂਕ ਸਭ ਦੇਸਾਂ ਦੀਆਂ ਸਰਕਾਰਾਂ ਤੇ ਸੰਯੁਕਤ ਰਾਸ਼ਟਰ ਦੇ ਫੈਸਲੇ ਪ੍ਰਭਾਵਿਤ ਕਰਦੇ ਹਨ। ਇਸ ਦੇ ਸਿੱਟੇ ਵਜੋਂ ਨਵਾਂ ਵਿਸ਼ਵ ਆਰਡਰ ਸਾਹਮਣੇ ਆਉਂਦਾ ਹੈ। ਨਵੇਂ ਵਿਸ਼ਵ ਆਰਡਰ ਵਿਚ ਸੰਸਥਾਵਾਂ ਦਾ ਗੁੰਝਲਦਾਰ ਨੈੱਟਵਰਕ ਕੰਮ ਕਰਦਾ ਹੈ। ਇਸ ਵਿਚ ਵੱਡੀਆਂ ਰਾਸ਼ਟਰੀ ਸਰਕਾਰਾਂ (ਜਿਵੇਂ ਅਮਰੀਕਾ, ਚੀਨ, ਰੂਸ, ਅਤੇ ਯੂਰਪੀ ਯੂਨੀਅਨ), ਅੰਤਰ-ਰਾਸ਼ਟਰੀ ਸੰਸਥਾਵਾਂ (ਸੰਯੁਕਤ ਰਾਸ਼ਟਰ, ਵਿਸ਼ਵ ਬੈਂਕ, ਅੰਤਰਰਾਸ਼ਟਰੀ ਮੁਦਰਾ ਕੋਸ਼), ਬਹੁ-ਰਾਸ਼ਟਰੀ ਕਾਰਪੋਰੇਸ਼ਨਾਂ (ਵੱਡੀਆਂ ਤਕਨੀਕੀ ਕੰਪਨੀਆਂ, ਮੀਡੀਆ ਅਤੇ ਸੋਸ਼ਲ ਮੀਡੀਆ ਕੰਪਨੀਆਂ, ਵਿੱਤੀ ਸੰਸਥਾਵਾਂ), ਗੈਰ-ਸਰਕਾਰੀ ਸੰਗਠਨਾਂ-ਐੱਨਜੀਓਸ (ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਅਤੇ ਵਾਤਾਵਰਣ ਸੰਗਠਨ) ਕਾਰਜਸ਼ੀਲ ਹਨ। ਅੱਜ ਬਹੁ-ਧਰੁਵੀ ਵਿਸ਼ਵ ਵਿਵਸਥਾ ਵਿਚ ਅਮਰੀਕਾ, ਚੀਨ, ਰੂਸ, ਅਤੇ ਹੋਰ ਉਭਰਦੀਆਂ ਸ਼ਕਤੀਆਂ ਵਿਚਕਾਰ ਪ੍ਰਤੀਯੋਗਤਾ ਵਧ ਰਹੀ ਹੈ। ਆਰਥਿਕ ਸ਼ਕਤੀ ਦਾ ਬਦਲਦਾ ਸੰਤੁਲਨ ਜਿਸ ਵਿਚ ਏਸ਼ੀਆ ਵੱਲ ਝੁਕਾਅ ਵਧ ਰਿਹਾ। ਤੇਲ, ਗੈਸ, ਪਾਣੀ, ਖਾਦ-ਪਦਾਰਥ ਅਤੇ ਭਵਿੱਖੀ ਊਰਜਾ ਸਰੋਤਾਂ ਲਈ ਮੁਕਾਬਲਾ-ਦੌੜ ਨਿਰੰਤਰ ਜਾਰੀ ਹੈ।

ਡਿਜੀਟਲ ਯੁੱਗ ਵਿਚ ਇਕ ਨਵਾਂ ਪੈਰਾਡਾਈਮ ਉਭਰਿਆ ਹੈ, ਜਿਸਨੂੰ ਅਸੀਂ ਪਿੱਛੇ 'ਤਕਨੀਕੀ ਜਾਗੀਰਵਾਦ' ਵਜੋਂ ਸਮਝ ਆਏ ਹਾਂ। ਇਹ ਰਵਾਇਤੀ ਪੂੰਜੀਵਾਦੀ ਢਾਂਚੇ ਤੋਂ ਪਾਰ ਏਆਈ ਨਾਲ ਲੈੱਸ ਵੱਡੀਆਂ ਤਕਨੀਕੀ ਕਾਰਪੋਰੇਸਨਾਂ ਦੇ ਦਬਦਬੇ ਵਾਲੇ ਨਵੇਂ ਯੁੱਗ ਦੀ ਸ਼ੁਰੂਆਤ ਹੈ। ਇਹ ਨਵੀਂ ਆਰਥਿਕ ਅਤੇ ਸਮਾਜਕ ਵਿਵਸਥਾ ਹੈ, ਜਿਸ ਨੇ ਨਵੇਂ ਵਿਸ਼ਵ ਆਰਡਰ ਵਿਚ ਡਿਜੀਟਲ ਉਤਪਾਦਨ ਅਤੇ ਵਿਤਰਣ ਦੇ ਪ੍ਰਾਇਮਰੀ ਸਾਧਨਾਂ ਉਪਰ ਨਿਯੰਤਰਣ ਕੀਤਾ ਹੈ ਅਤੇ ਡਿਜ਼ੀਟਲ ਪਲੇਟਫਾਰਮ ਅਰਥ-ਵਿਵਸਥਾਵਾਂ ਅਤੇ ਮੁਨਾਫ਼ੇਦਾਰੀ ਦੇ ਫ਼ਿਊਡਲੀ ਸੁਭਾਅ ਨੂੰ ਨਵਿਆਇਆ ਹੈ। ਇਸ ਯੁੱਗ ਵਿਚ 'ਬਿਰਤਾਂਤਾਂ ਦੀ ਜੰਗ' ਸਭ ਤੋਂ ਅਹਿਮ ਹੈ। ਕਾਰਪੋਰੇਟਸ ਜਗਤ ਡਿਜੀਟਲ ਪਲੇਟਫਾਰਮਾਂ; ਮੀਡੀਆ, ਸੋਸ਼ਲ ਮੀਡੀਆ, ਵਿਗਿਆਪਨਾਂ, ਭਾਸ਼ਣਾਂ ਤੇ ਪ੍ਰਵਚਨਾਂ ਦੇ ਸੰਦ-ਸਾਧਨਾਂ ਰਾਹੀਂ ਸੰਸਾਰ ਪੱਧਰ 'ਤੇ ਆਪਣੀ ਮਰਜ਼ੀ ਦਾ 'ਆਰਡਰ' ਨਿਰਮਾਣ ਕਰਨ ਅਤੇ ਉਸ ਨੂੰ ਕਾਇਮ ਰੱਖਣ ਦਾ ਯਤਨ ਕਰਦਾ ਰਹਿੰਦਾ ਹੈ। ਇਸ ਵੱਡੀ ਖੇਡ/ਜੰਗ ਵਿਚ ਸਰਕਾਰਾਂ ਹਟਾਉਣਾ ਤੇ ਬਣਵਾਉਣਾ ਵੀ ਸ਼ਾਮਿਲ ਹੈ। ਜਿਵੇਂ ਹਰਾਰੀ ਨੇ ਗਲੋਬਲ ਬਿਰਤਾਂਤਾਂ ਦੇ ਸਬੰਧ ਵਿਚ ਚਿੰਤਾ ਜ਼ਾਹਿਰ ਕੀਤੀ ਸੀ ਕਿ ਜਦੋਂ ਡਿਜੀਟਲ ਮੀਡੀਆ ਅਤੇ ਇੰਟਰਨੈਟ ਨੇ ਕਹਾਣੀਆਂ ਦੇ ਫੈਲਾਅ ਨੂੰ ਬੇਹੱਦ ਤੇਜ਼ ਕਰ ਦਿੱਤਾ ਹੈ, ਅਜਿਹੀਆਂ ਕਹਾਣੀਆਂ ਦੀਆਂ ਜੰਗਾਂ ਲੋਕਤੰਤਰੀ ਪ੍ਰਕਿਰਿਆਵਾਂ ਲਈ ਖਤਰਨਾਕ ਹੋ ਸਕਦੀਆਂ ਹਨ। ਮਿਡਲ ਈਸਟ ਜੰਗਾਂ, ਇਜ਼ਰਾਈਲ-ਫ਼ਲਸਤੀਨ ਅਤੇ ਰੂਸ-ਯੂਕਰੇਨ ਜੰਗ ਅਤੇ ਬੰਗਲਾਦੇਸ ਆਦਿ ਦੇਸਾਂ ਵਿਚ ਸੱਤਾ ਪਰਿਵਰਤਨਾਂ ਨੂੰ ਮਾਹਿਰ ਵਿਸ਼ਵ ਸ਼ਕਤੀ ਦੇ ਬਦਲਦੇ ਸੰਤੁਲਨ ਵਜੋਂ ਵੇਖਦੇ ਰਹੇ ਹਨ।

## ਭਾਰਤ ਅਤੇ ਬਿਰਤਾਂਤ ਦੀ ਜੰਗ

ਭਾਰਤੀ ਪ੍ਰਸੰਗ ਵਿਚ ਬਿਰਤਾਂਤ ਅਤੇ ਪ੍ਰਤੀ-ਬਿਰਤਾਂਤ ਘੜਨ ਦੀ ਲੰਬੀ ਫ਼ਹਿਰਿਸਤ ਹੈ ਜਿਨ੍ਹਾਂ ਨੇ ਭਾਰਤੀ ਸਮਾਜ-ਸਭਿਆਚਾਰਕ ਢਾਂਚੇ, ਸਮੁੱਚੀ ਜੀਵਨ-ਜਾਚ ਤੇ ਲੋਕਤੰਤਰ 'ਤੇ ਡੂੰਘਾ ਪ੍ਰਭਾਵ ਪਾਇਆ। ਧਰਮ-ਨਿਰਪੱਖ ਬਿਰਤਾਂਤ (ਯੂਨਿਟੀ ਇਨ ਡਾਇਵਰਸਿਟੀ: ਭਾਰਤ ਦੀ ਵਿਭਿੰਨਤਾ ਨੂੰ ਤਾਕਤ ਵਜੋਂ ਦੇਖਣਾ), ਸੰਵਿਧਾਨਕ ਰਾਸ਼ਟਰਵਾਦ (ਭਾਰਤ ਦੇ ਸੰਵਿਧਾਨ 'ਤੇ ਅਧਾਰਿਤ ਰਾਸ਼ਟਰੀ ਪਛਾਣ), ਸਭਿਆਚਾਰਕ ਰਾਸ਼ਟਰਵਾਦ (ਭਾਰਤ ਦੀ ਸਾਂਝੀ ਸਭਿਆਚਾਰਕ ਵਿਰਾਸਤ 'ਤੇ ਜ਼ੋਰ) ਨਵ-ਉਦਾਰਵਾਦੀ ਕਲਿਆਣਕਾਰੀ ਰਾਜ ਤੇ ਭਾਰਤੀ ਪਰੰਪਰਾਵਾਂ 'ਤੇ ਅਧਾਰਿਤ ਸਵਦੇਸ਼ੀ ਆਰਥਿਕ ਮਾਡਲ ਅਤੇ ਰਾਸ਼ਟਰਵਾਦੀ ਬਿਰਤਾਂਤ (ਭਾਰਤ ਨੂੰ ਹਿੰਦੂ ਰਾਸ਼ਟਰ ਵਜੋਂ ਪਰਿਭਾਸ਼ਿਤ

ਕਰਨ), ਆਦਿ ਆਧਾਰਿਤ ਪ੍ਰਮੁੱਖ ਬਿਰਤਾਂਤ ਪ੍ਰਚਲਿਤ ਹਨ। ਭਾਰਤੀ ਰਾਜਨੀਤੀ ਵਿਚ ਵੋਟ ਦਾ ਧਰੁਵੀਕਰਨ ਕਰਨ ਹਿੱਤ ਕਦੀ ਗਾਂਧੀਵਾਦੀ ਬਨਾਮ ਕ੍ਰਾਂਤੀਕਾਰੀ ਵਿਚਾਰਧਾਰਾ, ਭਾਰਤ ਦੀ ਵੰਡ, ਦੁਸ਼ਮਣ ਦੇਸ, ਰਾਮ ਮੰਦਿਰ-ਬਾਬਰੀ ਮਸਜਿਦ ਮੁੱਦੇ ਉਪਰ, ਕਦੀ ਦਿੱਲੀ ਦੰਗਿਆਂ, ਗੁਜਰਾਤ ਦੰਗਿਆਂ, ਕਸ਼ਮੀਰ, ਧਰਮ-ਪਰਿਵਰਤਨ, ਇਕ ਦੇਸ ਇਕ ਕਾਨੂੰਨ, ਨਾਗਰਿਕਤਾ ਸੋਧ ਕਾਨੂੰਨ (CAA) ਅਤੇ ਰਾਸ਼ਟਰੀ ਨਾਗਰਿਕ ਰਜਿਸਟਰ (NRC) ਅਤੇ ਕਾਰਪੋਰੇਟ ਖੇਤੀ ਬਨਾਮ ਨਿਮਨ ਕਿਸਾਨੀ ਤੇ ਕਿਸਾਨ ਅੰਦੋਲਨ, ਹਿੰਦੀ ਬਨਾਮ ਖੇਤਰੀ ਭਾਸ਼ਾਵਾਂ ਆਦਿ ਮੁੱਦਿਆਂ ਉਪਰ ਬਿਰਤਾਂਤਾਂ ਅਤੇ ਪ੍ਰਤੀ-ਬਿਰਤਾਂਤਾਂ ਦੀ ਚਲਦੀ ਰਹੀ ਜੰਗ ਨੇ ਭਾਰਤੀ ਲੋਕਤੰਤਰ 'ਤੇ ਦੀਰਘ-ਕਾਲੀਨ ਪ੍ਰਭਾਵ ਪਾਏ।

### ਪੰਜਾਬ ਅਤੇ ਬਿਰਤਾਂਤ ਦੀ ਜੰਗ

ਇਤਿਹਾਸਕ ਪ੍ਰਸੰਗ ਤੋਂ ਵੇਖੀਏ ਤਾਂ ਪੰਜਾਬ ਭੂਗੋਲਿਕ, ਸਿਆਸੀ ਅਤੇ ਸਮਾਜਕ ਉਥਲ-ਪੁਥਲ ਦਾ ਪ੍ਰਮੁਖ ਸਥਾਨ ਰਿਹਾ ਹੈ। ਸੰਘਰਸ਼ ਅਤੇ ਵੰਡਾਂ ਇਸਦੀ ਹੋਣੀ ਰਹੀ ਹੈ। ਸਮੇਂ-ਸਮੇਂ ਵਾਪਰੀਆਂ ਘਟਨਾਵਾਂ ਨੇ ਪੰਜਾਬ ਦੇ ਪਿੰਡੇ 'ਤੇ ਡੂੰਘੇ ਦਾਗ ਛੱਡੇ ਹਨ। ਇਹ ਘਟਨਾਵਾਂ ਧਿਰਾਂ ਵੱਲੋਂ ਸਿਰਜੀਆਂ ਕਹਾਣੀਆਂ ਕਾਰਨ ਵਾਪਰਦੀਆਂ ਰਹੀਆਂ ਹਨ। ਸੰਸਾਰ ਦੇ ਇਤਿਹਾਸ ਵਿਚ ਬਹੁਤ ਸਾਰੀਆਂ ਲੜਾਈਆਂ ਕਹਾਣੀਆਂ 'ਤੇ ਹੀ ਲੜੀਆਂ ਗਈਆਂ ਹਨ। ਜਿਵੇਂ ਹਰਾਰੀ ਕਹਿੰਦਾ ਕਿ ਮਨੁੱਖ ਮਨ ਵਿਚ ਬਣੀਆਂ ਕਹਾਣੀਆਂ, ਮਾਨਤਾਵਾਂ ਜਾਂ ਵਿਸ਼ਵਾਸਾਂ ਲਈ ਲੜਦੇ ਹਨ। ਬਿਰਤਾਂਤ ਦੀ ਸ਼ਕਤੀ ਲੋਕਾਂ ਨੂੰ ਬੁਰੀ ਤਰ੍ਹਾਂ ਵੰਡ ਸਕਦੀ ਹੈ। ਪੰਜਾਬ ਇਕ ਮਿਸ਼ਰਤ ਸਭਿਆਚਾਰ, ਬਹੁ-ਭਾਸ਼ਾਈ, ਬਹੁ-ਧਰਮੀ ਅਤੇ ਬਹੁ-ਪਰੰਪਰਾਈ ਖਿੱਤਾ ਹੈ। ਇਸ ਵਿਚ ਧਾਰਮਿਕ ਮਾਨਤਾਵਾਂ ਦੇ ਨਾਲ-ਨਾਲ ਸੰਪਰਦਾਈ, ਭਾਸ਼ਾਈ, ਇਲਾਕਾਈ, ਜਮਾਤੀ ਤੇ ਜਾਤੀ ਆਦਿ ਵਿਸ਼ਵਾਸਾਂ/ਮਾਨਤਾਵਾਂ ਦੇ ਆਧਾਰ 'ਤੇ ਵੀ ਟਕਰਾਅ ਰਹੇ ਹਨ। ਵੱਖ-ਵੱਖ ਧਿਰਾਂ ਕੋਲ ਪੰਜਾਬ ਦੇ ਇਤਿਹਾਸ, ਪਛਾਣ ਅਤੇ ਭਵਿੱਖ ਬਾਰੇ ਆਪੋ-ਆਪਣੀ ਵਿਆਖਿਆ ਹੈ, ਜਿਸ ਕਾਰਨ ਇਸ ਸਬੰਧੀ ਪਰਸਪਰ ਵਿਰੋਧੀ ਬਿਰਤਾਂਤ ਮਿਲਦੇ ਹਨ। ਵੱਖ-ਵੱਖ ਸਮੂਹਾਂ ਨੇ ਆਪਣੇ-ਆਪਣੇ ਬਿਰਤਾਂਤ ਘੜੇ ਅਤੇ ਇਨ੍ਹਾਂ ਦੇ ਟਕਰਾਅ ਲੜਾਈਆਂ ਵਿਚ ਸਾਹਮਣੇ ਆਉਂਦੇ ਰਹੇ। ਬਿਰਤਾਂਤਾਂ ਦੀ ਜੰਗ ਵਿਚ ਵਾਰ-ਵਾਰ ਪੰਜਾਬ ਨੇ ਆਪਣੀ ਸੂਰਤ ਤੇ ਸੀਰਤ ਦੀ ਬਲੀ ਦਿੱਤੀ ਹੈ। ਵਾਰ-ਵਾਰ ਪੰਜਾਬ ਤਕਸੀਮ ਦਰ ਤਕਸੀਮ ਹੁੰਦਾ ਰਿਹਾ।

ਇਤਿਹਾਸਕ ਤੌਰ 'ਤੇ ਗੁਰੂ ਨਾਨਕ ਦੇਵ ਦੇ ਜੀਵਨ ਦਰਸ਼ਨ ਰਾਹੀਂ ਉਦੈ ਹੋਏ ਸਰਬੱਤ ਦੇ ਭਲੇ, ਚੜ੍ਹਦੀ ਕਲਾ, ਸਿਰ ਦੀਜੈ ਕਾਣ ਨਾ ਕੀਜੈ, ਕਿਰਤ ਕਰਨ ਅਤੇ ਵੰਡ ਕੇ ਛਕਣ ਵਾਲੇ ਸ਼ਾਨਦਾਰ ਬਿਰਤਾਂਤ ਨੇ ਪੰਜਾਬ ਦੀ ਧਰਤ ਨੂੰ ਚੜ੍ਹਦੀ ਕਲਾ ਦਾ ਸਮਾਜ-ਸਭਿਆਚਾਰ ਸਿਰਜਣ ਵਿਚ ਅਹਿਮ ਭੂਮਿਕਾ ਨਿਭਾਈ। ਸਿਖ ਲਹਿਰ ਦੇ ਤੌਰ 'ਤੇ ਇਸੇ ਬਿਰਤਾਂਤ ਨੂੰ ਗੁਰੂ ਪਰੰਪਰਾ ਨੇ ਅੱਗੇ ਤੋਰਿਆ ਅਤੇ ਬ੍ਰਾਹਮਣਵਾਦੀ ਤੇ ਮੁਗ਼ਲੀ ਝੂਠੀਆਂ ਮਾਨਤਾਵਾਂ ਦੇ ਵਿਰੋਧ ਵਿਚ, ਇਨਸਾਫ਼-ਪਸੰਦ, ਹੱਕ-ਸੱਚ ਦੀ ਖਾਤਰ ਖੜ੍ਹਨ ਤੇ ਲੜਨ ਵਾਲਾ, ਭੇਦ ਭਾਵ ਤੋਂ ਮੁਕਤ ਬਰਾਬਰੀ ਆਧਾਰਿਤ ਸਰਬ-ਸਾਂਝਾ ਖ਼ਾਲਸ ਸਮਾਜ/ਪੰਥ ਸਿਰਜਿਆ। ਇਸ ਵਿਚੋਂ ਹੀ ਸਿੱਖ ਰਾਜ ਦਾ ਉਦੈ ਹੋਇਆ ਜੋ ਮਹਾਰਾਜਾ ਰਣਜੀਤ ਸਿੰਘ ਦੇ ਰਾਜ 'ਸਰਕਾਰ ਏ ਖ਼ਾਲਸਾ' ਵਿਚ ਪੰਜਾਬ ਦੀ ਸਮੂਹ ਲੋਕਾਈ ਦੀ ਅਖੰਡਤਾ ਤੇ ਇਕਮੁੱਠਤਾ ਦਾ ਪ੍ਰਤੀਕ ਬਣਿਆ। ਮਹਾਰਾਜੇ ਦੇ ਬਿਮਾਰੀ ਦੌਰਾਨ ਅਤੇ ਅਕਾਲ ਚਲਾਣੇ ਉਪਰੰਤ ਪੰਜਾਬ ਦੀ ਸੱਤਾ ਹਥਿਆਉਣ ਲਈ ਬਾਹਰੋਂ ਅੰਗਰੇਜ਼ਾਂ ਦੁਆਰਾ ਸਿਰਜੇ ਤਾਕਤਵਰ ਬਿਰਤਾਂਤਾਂ ਦਾ ਮੁਕਾਬਲਾ ਕਰਨਾ ਮੁਸ਼ਕਿਲ ਹੋ ਗਿਆ ਤੇ ਅੰਦਰੋਂ ਆਪਣਿਆਂ ਦੀ ਖਿੱਚੋਤਾਣ ਦੇ ਕਮਜ਼ੋਰ ਕੀਤੇ ਰਾਜ ਉਪਰ ਅੰਗਰੇਜ਼ੀ ਧੌਂਸ ਨੇ ਕਬਜ਼ਾ ਕਰ ਲਿਆ। ਅੰਗਰੇਜ਼ਾਂ ਨੇ ਆਪਣੇ ਰਾਜ ਨੂੰ ਕਾਇਮ ਰੱਖਣ ਲਈ ਅਜਿਹੇ ਬਿਰਤਾਂਤ ਘੜੇ ਅਤੇ ਪ੍ਰਚਾਰੇ ਜੋ ਪੰਜਾਬੀਆਂ ਨੂੰ ਵੱਖ-ਵੱਖ ਫ਼ਿਰਕਿਆਂ ਵਿਚ ਵੰਡਣ ਵਾਲੇ ਸਨ। ਬਹੁ-ਭਾਸ਼ਾਈ, ਬਹੁ-ਧਰਮੀ, ਬਹੁ-ਜਾਤੀ ਤੇ ਬਹੁ-ਪਰੰਪਰਾਈ ਪੰਜਾਬ ਦੇ ਬਸ਼ਿੰਦੇ ਵੰਡੀਆਂ ਵਾਲੇ ਬਿਰਤਾਂਤਾਂ ਨਾਲ ਵੰਡੇ ਗਏ। ਗੁਰੂ ਪਰੰਪਰਾ ਦੁਆਰਾ ਪੈਦਾ ਹੋਏ ਤੇ ਵਿਗਸੇ ਬਿਰਤਾਂਤ/ਵਿਚਾਰਾਂ ਤੋਂ ਟੁੱਟ ਕੇ ਪੰਜਾਬੀ ਫ਼ਰੰਗੀਆਂ ਦੇ ਕੂੜੇ ਬਿਰਤਾਂਤਾਂ ਦੀ ਗਰਿਫ਼ਤ ਵਿਚ ਆ ਗਏ। ਜਿਸ ਨੂੰ ਪ੍ਰੋ. ਪੂਰਨ ਸਿੰਘ 'ਪੰਜਾਬ ਸਾਰਾ ਜੀਂਦਾ ਗੁਰੂ ਦਾ ਨਾਮ 'ਤੇ' ਕਹਿੰਦਾ ਉਸ ਪੰਜਾਬ ਦੀ ਸਰਬ-ਸਾਂਝੀ ਤਹਿਜ਼ੀਬ ਖੇਰੂੰ-ਖੇਰੂੰ ਹੋ ਗਈ ਤੇ ਸਭ ਆਪੋ-ਆਪਣੇ ਫ਼ਿਰਕੇ ਦੇ ਵਿਸ਼ਵਾਸਾਂ/ਮਾਨਤਾਵਾਂ ਦੀ ਸ਼ਰਨ ਵਿਚ ਚਲੇ ਗਏ। ਹਾਕਮ/ਅੰਗਰੇਜ਼ ਇਹੋ ਚਾਹੁੰਦਾ ਸੀ। ਏਥੋਂ ਹੀ 1947 ਵਿਚ ਪੰਜਾਬ ਨੂੰ ਵੰਡ ਦਾ ਦੁਖਾਂਤ ਹੰਢਾਉਣਾ ਪੈਂਦਾ ਹੈ।

ਸੋ ਸਿੱਖ ਰਾਜ ਬਣਨ ਤੇ ਖੁੱਸਣ, ਦਿੱਲੀ ਫ਼ਤਿਹ, ਸਿੱਖ ਰਾਜ ਦੇ ਆਦਰਸ਼ਕ ਮਾਡਲ ਤੋਂ ਤਕਸੀਮ ਦਰ ਤਕਸੀਮ ਹੁੰਦੇ ਪੰਜਾਬ ਵਿਚ ਸੰਤਾਲੀ ਦਾ ਦੁਖਾਂਤ, ਹਿੰਦੂ/ਸਿੱਖ-ਮੁਸਲਿਮ, ਪੰਜਾਬੀ ਸੂਬਾ ਅੰਦੋਲਨ, ਨਕਸਲਵਾੜੀ ਅੰਦੋਲਨ, ਨਾਬਰੀ, ਸ਼ਹਾਦਤ, ਦੇਸ-ਭਗਤੀ, ਗੱਦਾਰੀ, ਬਹਾਦਰੀ, ਇਨਕਲਾਬ, ਭਾਰਤ ਬਨਾਮ ਪੰਜਾਬ, ਹਰੀ-


**www.sanvad.org**
ISSN : 2395-1273

ਕ੍ਰਾਂਤੀ, ਚੰਡੀਗੜ੍ਹ, ਪੰਜਾਬ ਦੇ ਪਾਣੀ, ਖਾੜਕੂਵਾਦ, ਕਿਸਾਨ ਅੰਦੋਲਨ, ਕਿਸਾਨ ਤੇ ਵਪਾਰੀ, ਜੱਟ ਤੇ ਗੈਰ-ਜੱਟ, ਪੰਜਾਬੀ-ਗੈਰ ਪੰਜਾਬੀ, ਦਲਿਤ ਤੇ ਗੈਰ-ਦਲਿਤ, ਪੇਂਡੂ-ਸ਼ਹਿਰੀ ਅਤੇ ਵੱਖਰੀ ਪਛਾਣ ਆਦਿ ਦੇ ਬਿਰਤਾਂਤਾਂ-ਪ੍ਰਤੀ-ਬਿਰਤਾਂਤਾਂ ਦੀ ਜੰਗ ਮੱਧਕਾਲ ਤੋਂ ਹੁਣ ਤਕ ਚੱਲੀ ਜਾ ਰਹੀ ਹੈ। ਇਨ੍ਹਾਂ ਵੰਡੀਆਂ ਤੇ ਲੜਾਈਆਂ ਦੀ ਮਾਰ ਨੇ ਪੰਜਾਬ ਦੀ ਆਰਥਿਕਤਾ ਨੂੰ ਏਨਾ ਕਮਜ਼ੋਰ ਕਰ ਦਿੱਤਾ ਹੈ ਕਿ ਪੰਜਾਬ ਨੈਰੇਟਿਵ ਦੀ ਸਬ-ਟੈਕਸਟ ਵਿਚ ਯੂਥ ਮਾਈਗ੍ਰੇਸ਼ਨ, ਕਰਜ਼ੇ, ਖ਼ੁਦਕਸ਼ੀਆਂ, ਗੁੰਡਾਗਰਦੀ, ਨਸ਼ੇਖੋਰੀ ਤੇ ਉਜੜਦੇ/ਉੜਤੇ ਪੰਜਾਬ ਦੇ ਬਿਰਤਾਂਤ ਪ੍ਰਭਾਵਸ਼ਾਲੀ ਹੋ ਰਹੇ ਹਨ। ਇਨ੍ਹਾਂ ਸਬ-ਬਿਰਤਾਂਤਾਂ ਨੂੰ ਮੁੱਦਾ ਬਣਾ ਕੇ ਪੰਜਾਬ ਦੇ ਪ੍ਰਮੁਖ ਰਾਜਨੀਤਕ ਦਲ ਆਪਣਾ 'ਬਦਲਾਅ ਜਾਂ ਨਵ-ਪੰਜਾਬ" ਸਿਰਜਣ ਦਾ ਬਿਰਤਾਂਤ ਸਥਾਪਿਤ ਕਰਦੇ ਰਹੇ ਹਨ। ਸੱਤਾ ਬਦਲਦੇ ਰਹੇ ਹਨ। ਸੱਤਾ ਬਦਲਦਿਆਂ ਬਿਰਤਾਂਤਾਂ ਤੇ ਕਾਊਂਟਰ-ਬਿਰਤਾਂਤਾਂ ਦੀ ਪੁਜੀਸ਼ਨ ਵੀ ਬਦਲ ਜਾਂਦੀ ਹੈ। ਇਹ ਅਦਲਾ-ਬਦਲੀ ਦੀ ਗਤੀਸ਼ੀਲ ਪ੍ਰਕਿਰਿਆ ਕਈ ਦਹਾਕਿਆਂ ਤੋਂ ਜਾਰੀ ਹੈ। ਪੰਜਾਬ ਦੇ ਆਮ ਲੋਕਾਂ ਵਿਚ ਹੁਣ ਤਾਂ ਇਹ ਨਿਰਾਸ਼ਵਾਦੀ ਜਿਹਾ ਬਿਰਤਾਂਤ ਬਣਦਾ ਜਾ ਰਿਹਾ ਹੈ ਕਿ ਪੰਜਾਬ ਦਾ ਕੁਝ ਨਹੀਂ ਹੋ ਸਕਦਾ।

ਇਸ ਦੇ ਬਾਵਜੂਦ ਇਕ ਵਿਲੱਖਣ ਤੇ ਪ੍ਰਭਾਵਸ਼ਾਲੀ ਬਿਰਤਾਂਤ ਕਿਸਾਨ ਅੰਦੋਲਨ ਨੇ ਸਿਰਜਿਆ ਜਿਸ ਨੇ ਬਾਬੇ ਨਾਨਕ ਵਾਲੇ ਬਿਰਤਾਂਤ ਨੂੰ ਮਜ਼ਬੂਤੀ ਨਾਲ ਮੁੜ-ਸੁਰਜੀਤ ਕੀਤਾ ਹੈ। ਇਸ ਨੈਰੇਟਿਵ ਵਿਚ ਸਭ ਵਰਗਾਂ ਦੀ ਆਵਾਜ਼ ਆ ਸ਼ਾਮਲ ਹੋਈ। ਪੰਜਾਬ ਦੀ ਜ਼ਰਖੇਜ਼ ਜ਼ਮੀਨ ਵਿਚ ਸਰਬੱਤ ਦਾ ਭਲਾ ਵੀ ਪਿਆ ਤੇ ਨਾਬਰੀ ਵੀ ਪਈ ਹੈ। ਰਿਸਕ ਉਠਾਉਣ ਦਾ ਜਜ਼ਬਾ ਤੇ 'ਪ੍ਰੇਮ ਖੇਲਣ ਕਾ ਚਾਉ' ਪਿਆ ਹੈ। ਹੱਕ-ਸੱਚ ਲਈ 'ਤਲੀ ਤੇ 'ਸਿਰੁ' ਧਰਨ' ਦੀ ਵੰਗਾਰ ਪਈ ਹੈ। ਪੰਜਾਬੀ ਰੂਹ ਦੀ ਘਾੜਤ ਸ਼ਬਦ ਦੀ ਸਾਣ 'ਤੇ ਤਿੱਖੀ ਕੀਤੀ 'ਸਚ ਕੀ ਕਾਤੀ' ਅਤੇ ਹੱਕ-ਹਲਾਲ ਦੀ ਕਿਰਤ ਕਮਾਈ ਵਿਚੋਂ ਘੜੀ ਹੈ। ਇਨ੍ਹਾਂ ਦੇ ਜੀਨ ਵਿਚ ਕਿਰਤੀ ਤੇ ਅੰਨਦਾਤੇ ਦਾ ਸਵੈ-ਮਾਣ ਪਿਆ ਹੈ ਜੋ ਵਿਹਾਰਕ ਪੱਧਰ 'ਤੇ ਭਰਾਤਰੀ-ਭਾਵ ਤੇ ਗੌਰਵਮਈ ਜੀਉਣ ਨਾਲ ਲਬਰੇਜ਼ ਹੈ ਪਰ ਇਸ ਬਿਰਤਾਂਤ ਨੂੰ ਪੰਜਾਬ ਦੀਆਂ ਸਭ ਸਿਆਸੀ ਧਿਰਾਂ ਨੇ ਪੁੱਠਾ ਗੇੜਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਵੋਟਾਂ ਦੀ ਖੇਡ ਲਈ ਸਿਆਸੀ ਖਿਡਾਰੀਆਂ ਨੂੰ ਇਹੋ ਜਿਹਾ ਮੈਦਾਨ ਚਾਹੀਦਾ ਹੈ, ਜਿਥੇ ਲੋਕਤੰਤਰਿਕ ਤੇ ਵਿਦਿਅਕ ਸੰਸਥਾਵਾਂ ਦਾ ਭੱਠਾ ਬੈਠਾ ਹੋਵੇ। ਅਜਿਹੀ ਥਾਂ ਵਿਦਿਆ, ਰੁਜ਼ਗਾਰ/ਕੰਮਕਾਜ ਤੇ ਸਿਹਤ ਸਹੂਲਤਾਂ ਨਾ ਪ੍ਰਦਾਨ ਕਰਕੇ ਲੋਕਾਂ ਨੂੰ ਗਰੀਬੀ ਵੱਲ ਧੱਕਿਆ ਜਾਂਦਾ ਹੈ। ਗਰੀਬੀ ਮਨੁੱਖਾਂ ਨੂੰ ਨਿਵਾਣਾਂ ਵੱਲ ਲੈ ਜਾਂਦੀ ਹੈ। ਨਾ ਵਿਰੋਧ ਦਾ, ਨਾ ਪ੍ਰਤੀਰੋਧ ਦਾ ਅਤੇ ਨਾ ਕਿਸੇ ਸਮੂਹਿਕ ਸ਼ਕਤੀ ਦੇ ਵਿਦਰੋਹ ਦਾ ਖੌਫ਼; ਅਜਿਹੀ ਸਥਿਤੀ ਵਿਚ ਧੱਕ ਕੇ ਸੱਤਾਵਾਨ ਧਿਰਾਂ ਨਿਸਚਿੰਤ ਹੋ ਜਾਂਦੀਆਂ ਹਨ। ਫਿਰ ਖ਼ੈਰਾਤਾਂ ਵੰਡਣ ਦੀ ਮਾਨਸਿਕਤਾ ਪੰਜਾਬੀਆਂ ਨੂੰ ਅੰਨਦਾਤੇ ਤੋਂ ਭਿਖਾਰੀ ਬਣਾਉਣ ਦੇ ਰਾਹ ਪੈਂਦੀ ਹੈ। ਪੰਜਾਬ ਨੂੰ ਇਸ ਨਿਘਾਰ ਵਾਲੀ ਨਵੀਂ ਪਛਾਣ ਵੱਲ ਧਕੇਲਿਆ ਜਾ ਰਿਹਾ ਹੈ।

ਅੱਜ ਉਪਭੋਗੀ, ਮੁਫ਼ਤਖੋਰੀ ਤੇ ਲੋਭੀ ਵਰਤਾਰੇ ਵਿਚ ਪੰਜਾਬ ਦਾ ਅਰਥਚਾਰਾ, ਜ਼ਮੀਨ, ਹਵਾ, ਪਾਣੀ, ਖੇਤੀ, ਉਦਯੋਗ, ਸਿੱਖਿਆ, ਰੁਜ਼ਗਾਰ ਤੇ ਵਿਉਪਾਰ ਸਭ ਬਰਬਾਦ ਹੋ ਰਹੇ ਹਨ। ਪੰਜਾਬ ਨੂੰ ਖ਼ੁਸ਼ਹਾਲ ਤੇ ਮਜ਼ਬੂਤ ਕਰਨ ਦੀ ਜਿਨ੍ਹਾਂ ਧਿਰਾਂ 'ਤੇ ਜ਼ਿੰਮੇਵਾਰੀ ਰਹੀ, ਉਹ ਲੋਕ-ਲਭਾਊ ਬਿਰਤਾਂਤਾਂ ਦੇ ਆਸਰੇ ਵੋਟ ਬੈਂਕ ਕਾਇਮ ਰੱਖਣ ਦੀ ਕੋਸ਼ਿਸ਼ ਵਿਚ ਰਹੇ ਹਨ। ਕਾਰਪੋਰੇਟਸ ਦੀ ਆਪਣੇ ਵਪਾਰਕ ਬਿਰਤਾਂਤ ਹਨ। ਲੁਭਾਉਣੀ ਇਸ਼ਤਿਹਾਰਬਾਜ਼ੀ ਰਾਹੀਂ ਖਪਤੀ ਮਾਨਸਿਕਤਾ ਬਣਾ ਕੇ ਅਤੇ ਬੇਲੋੜੀ ਲੋੜ ਪੈਦਾ ਕਰਕੇ ਘਰਾਂ 'ਚ ਉਦਪਾਦ ਠੋਸੇ ਜਾਂਦੇ ਹਨ। ਪਾਪੂਲਰ ਸੰਗੀਤ, ਜਸ਼ਨਾਵੀ ਤੇ ਕਾਮੁਕ ਦ੍ਰਿਸ਼-ਸਭਿਆਚਾਰ ਨੂੰ ਜਵਾਨੀ ਅੱਗੇ ਪਰੋਸ ਕੇ ਭਰਮਾਊ ਯਥਾਰਥ ਸਿਰਜ ਦਿੱਤਾ ਜਾਂਦਾ ਹੈ। ਜਾਅਲੀ ਨਾਇਕ, ਜਾਅਲੀ ਪਛਾਣ ਤੇ ਗੌਰਵ ਅਤੇ ਫ਼ੋਕੀ ਸ਼ਾਨੋ-ਸ਼ੌਕਤ ਦੀ ਮਿਥ ਤਿਆਰ ਕਰਕੇ ਕਰਜ਼ ਤੇ ਕਿਸ਼ਤਾਂ ਦੇ ਜਾਲ਼ ਵਿਛਾਏ ਜਾਦੇ ਹਨ। ਸਿਹਤ ਤੇ ਸਿੱਖਿਆ ਵਰਗੇ ਸਾਫ਼-ਪਾਕ ਖੇਤਰਾਂ ਵਿਚ ਵੀ ਕਾਰਪੋਰਟਸ ਅਤੇ ਲੋਭੀ/ਅਪਰਾਧੀ ਮਾਫ਼ੀਆ ਸਰਗਰਮ ਹੈ ਜੋ ਗੁੰਮਰਾਹਕੁੰਨ ਬਿਰਤਾਂਤਾਂ ਦੇ ਸਿਰ 'ਤੇ ਅਥਾਹ ਮੁਨਾਫ਼ਾ ਲੁੱਟ ਰਹੇ ਹਨ। ਇਨ੍ਹਾਂ ਦੇ ਮੁਕਾਬਲੇ ਸਾਨੂੰ ਪੰਜਾਬ ਦੀ ਤਰੱਕੀ ਤੇ ਖ਼ੁਸ਼ਹਾਲੀ ਲਈ ਸਮੇਂ ਦੇ ਹਾਣ ਦੇ ਅਤੇ ਨੇਕ-ਨੀਤੀਆਂ ਵਾਲੇ ਬਿਰਤਾਂਤ ਬੁਣਨ ਦੀ ਲੋੜ ਹੈ। ਇਸ ਲਈ ਇਕ ਪਾਸੇ ਜਿੱਥੇ ਸਾਨੂੰ ਵੱਡੀ ਗਿਣਤੀ ਵਿਚ ਇਕ-ਦੂਜੇ ਨਾਲ ਸਹਿਯੋਗ ਕਰਨ ਵਾਲੇ ਸੁਚੇਤ ਅਤੇ ਨੈਤਿਕ ਪਹੁੰਚ ਵਾਲੇ ਲੋਕਾਂ ਦੀ ਲੋੜ ਹੈ, ਉੱਥੇ ਸਾਡੀ ਸਮੂਹਿਕ ਕਲਪਨਾ ਨੂੰ ਜਗਾਉਣ ਲਈ ਚੰਗੇ ਇਰਾਦੇ ਵਾਲੇ ਬਿਰਤਾਂਤਾਂ ਤੇ ਉਨ੍ਹਾਂ ਨੂੰ ਬੁਣਨ ਵਾਲੇ ਸੁਹਿਰਦ ਸੁਪਨਸਾਜ਼ਾਂ ਦੀ ਲੋੜ ਹੈ। ਸਮਕਾਲੀ ਜਿਓ ਪੌਲੀਟਿਕਸ ਦੇ ਦੌਰ ਵਿਚ ਬਿਰਤਾਂਤਾਂ ਦਾ ਵੱਡਾ ਮਹੱਤਵ ਹੈ। ਪੰਜਾਬ ਦੇ ਨਵ-ਸਿਰਜਣ ਲਈ ਉਪਰੋਕਤ ਕਿਸਮ ਦੇ ਸਥਾਪਤ ਕੀਤੇ ਜਾ ਰਹੇ ਬਿਰਤਾਂਤਾਂ ਨੂੰ ਉਧੇੜਨਾ ਤੇ ਮੁੜ-ਬੁਣਨਾ ਪੈਣਾ ਹੈ। ਜਿਹੜਾ ਖਾਸ ਬਿਰਤਾਂਤ ਲੋਕਾਂ ਦੀ ਭਲਾਈ ਕਰਨ ਦੀ ਥਾਂ, ਉਨ੍ਹਾਂ ਨੂੰ ਦੁਖੀ ਕਰਦਾ ਹੈ ਤਾਂ ਉਸਨੂੰ ਕਾਊਂਟਰ ਕਿਉਂ ਨਾ ਕੀਤਾ ਜਾਵੇ ਤੇ ਬਦਲਿਆ ਕਿਉਂ ਨਾ ਜਾਵੇ!

ਇਹ ਮੁੜ-ਬੁਣਨ ਦਾ ਅਮਲ ਪੰਜਾਬ ਦੀ ਭੋਇੰ 'ਚੋਂ ਉਪਜੀ ਅਮੀਰ ਪਰੰਪਰਾ ਅਤੇ ਵਿਸ਼ਵ ਭਰ ਦੀਆਂ ਤਕਨੀਕੀ ਤਰੱਕੀਆਂ ਦੇ ਸਮਨਵੈ ਤੇ ਸੰਵਾਦ ਵਿਚੋਂ ਕਰਨਾ ਪਵੇਗਾ। ਨਿਰਸੰਦੇਹ ਇਸਦਾ ਤਾਣਾ-ਬਾਣਾ ਰੰਗ-ਬਰੰਗਾ ਹੋਵੇਗਾ ਤੇ ਸਹੀ ਮਾਇਨਿਆਂ ਵਿਚ ਰੰਗਲੇ ਪੰਜਾਬ ਦੀ ਅਕਾਸੀ ਕਰੇਗਾ। ਸਮੇਂ-ਸਮੇਂ ਪੰਜਾਬ ਨੂੰ ਇਕ ਰੰਗਾ ਕਰਨ ਦੇ ਬਿਰਤਾਂਤ ਸਿਰਜੇ ਜਾਂਦੇ ਰਹੇ ਹਨ। ਇਕਾਰਥੀ ਵਲਗਣਾਂ ਵਲਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਰਹੀਆਂ ਪਰ ਭਰ ਵਹਿੰਦੇ ਦਰਿਆ ਨੇ ਝੀਲ ਜਾਂ ਛੱਪੜ ਰੂਪੀ ਬੰਦ ਪ੍ਰਬੰਧਾਂ ਨੂੰ ਬਹੁਤੀ ਦੇਰ ਸਵੀਕਾਰਿਆ ਨਹੀਂ। ਪੰਜਾਬ ਦੇ ਵਿਚਾਰ/ਚਿੰਤਨ ਦਾ ਰੂਪਕ ਦਰਿਆ ਹੈ, ਜਿਸ ਵਿਚ ਵੱਖ-ਵੱਖ ਝਰਨਿਆਂ (ਬੁੱਧ, ਵੈਦਿਕ, ਇਸਲਾਮ, ਸੂਫ਼ੀ, ਕਿੱਸਾਕਾਰਾਂ, ਜੋਗ, ਲੋਕਯਾਨ, ਭਗਤੀ ਤੇ ਗੁਰਮਤਿ ਆਦਿ ਪੂਰਬੀ ਅਤੇ ਪੱਛਮੀ ਗਿਆਨ-ਧਾਰਾਵਾਂ) ਤੋਂ ਪੁਣ-ਛਾਣ ਜਾਂ ਖੰਡਨ-ਮੰਡਨ ਉਪਰੰਤ ਸੰਚਿਤ ਹੋ ਕੇ ਗਿਆਨ ਵਹਿ ਰਿਹਾ ਹੈ। ਇਸ ਸੋਝੀ ਅਤੇ ਸਮੇਂ ਦੇ ਲੋਅ ਵਿਚੋਂ ਬਿਰਤਾਂਤ ਸਿਰਜੇ ਜਾਣ ਤਾਂ ਕਿ ਪੰਜਾਬ ਦੇ ਚੰਗੇ ਭਵਿੱਖ ਲਈ ਨਿੱਗਰ ਤੇ ਮਿਆਰੀ ਬੁਨਿਆਦ ਮੁੜ ਉਸਰ ਸਕੇ। ਪੰਜਾਬ ਦੀਆਂ ਸਭ ਰਾਜਨੀਤਕ ਧਿਰਾਂ ਅਸਲ ਵਿਚ ਇਕੋ ਧਿਰ ਹਨ ਤੇ ਇਕ-ਦੂਜੀ ਵਿਚ ਆਉਣ-ਜਾਣ ਲੱਗਾ ਰਹਿੰਦਾ ਹੈ, ਕੋਈ ਵਿਚਾਰਧਾਰਾ ਰੁਕਾਵਟ ਨਹੀਂ ਬਣਦੀ। ਧਿਰ ਬਣਾ ਕੇ ਚੁਣਨ ਵਾਲੇ ਲੋਕ ਹਰ ਵਾਰ ਠੱਗੇ ਜਾਂਦੇ ਹਨ। ਦੂਜੀ ਧਿਰ ਲੋਕ ਹੀ ਹਨ। ਜਿੰਨਾ ਚਿਰ ਇਹ ਧਿਰ ਸਿਆਸੀ ਤੌਰ 'ਤੇ ਵਧੇਰੇ ਚੇਤੰਨ ਨਹੀਂ ਹੁੰਦੀ; ਜਿੰਨਾ ਚਿਰ ਸਿਵਲ ਸੁਸਾਇਟੀ ਤਕੜੀ ਨਹੀਂ ਹੁੰਦੀ ਅਤੇ ਲੋਕਾਈ ਵਿਚ ਲੋਕ ਹਿੱਤਕਾਰੀ, ਤਰੱਕੀ-ਪਸੰਦ ਤੇ ਮਨੁੱਖਤਾਵਾਦੀ ਭਾਵ ਸਾਕਾਰਾਤਮਿਕ ਬਿਰਤਾਂਤ  ਨਹੀਂ ਸਿਰਜੇ ਤੇ ਪ੍ਰਚਾਰੇ ਜਾਂਦੇ, ਉਨਾ ਚਿਰ ਪੰਜਾਬ ਨਾ-ਉਮੀਦੀ, ਨਿਰਾਸ਼ਾ, ਉਲਝੀ ਵਿਵਸਥਾ ਤੇ ਗੁਰਬਤ ਦੇ ਆਲਮ ਵਿਚ ਗੁਆਚਾ/ਉਲਝਿਆ ਰਹਿ ਸਕਦਾ। ਸਾਰੇ ਨੈੱਟਵਰਕਾਂ ਵਿਚ ਬੱਝੀ ਸਿਵਲ ਸੁਸਾਇਟੀ ਦਾ ਉਭਾਰ ਤੇ ਦਬਾਅ ਜ਼ਰੂਰੀ ਹੈ। ਅੱਜ ਪੰਜਾਬ/ਹਰ ਖਿੱਤਾ ਵਿਸ਼ਵ ਭਰ ਦੇ ਸੰਵਾਦੀ ਨੈੱਟਵਰਕ ਵਿਚ ਬੱਝਾ ਹੈ। ਬਦਲ ਰਹੀਆਂ ਪ੍ਰਸਥਿਤੀਆਂ ਦੇ ਸਨਮੁਖ ਜੇ ਭਵਿੱਖ ਵਿਚ ਪ੍ਰਸੰਗਿਕ ਬਿਰਤਾਂਤ ਨਾ ਸਿਰਜੇ ਗਏ ਤਾਂ ਮਾਨਵਤਾ ਵਿਰੋਧੀ ਉਪਭੋਗੀ, ਮੁਫ਼ਤਖੋਰੀ ਤੇ ਲੋਭੀ ਬਿਰਤਾਂਤ ਆਪਣਾ ਕੰਮ ਕਰਦੇ ਜਾਣਗੇ।

ਫ਼ਿਲਹਾਲ ਪੰਜਾਬ ਆਪਣੇ ਚੰਗੇ ਭਵਿੱਖ ਲਈ ਨਵੀਂ ਉਮੀਦ ਵਾਲੇ ਨਵੇਂ ਬਿਰਤਾਂਤ ਦੀ ਤਲਾਸ਼ ਵਿਚ ਹੈ।

## ਹਵਾਲੇ ਅਤੇ ਟਿੱਪਣੀਆਂ:


1. David Betz, **The Virtual Dimension Of Contemporary Insurgency And Counterinsurgency, Small Wars & Insurgencies Vol. 19, No. 4,** December 2008, p.513 (The contemporary operations environment [...] in the "Global War on Terror" (...) has two dimensions: the first is the actual tactical field of battle in which bullets fly, bombs explode and blood is shed; the second is the virtual, informational realm in which belligerents contend with words and images to manufacture strategic narratives which are more compelling than those of the other side and better at structuring the responses of others to the development of events.)
2. Steven R. Corman, Understanding The Role of Narrative in Extremist Strategic Communication, Laurie Fenstermacher (Ed.), **Countering Violent Extremism: Scientific Methods & Strategies**, July 2015, p.39.
3. **Ibid**.
4. Archetti, C. Narrative Wars: Understanding Terrorism in the Era of Global Interconnectedness, A. Miskimmon, B. O'Loughlin, and L. Roselle (eds) **Forging the World: Strategic Narratives and International Relations** (Ann Arbor: University of Michigan Press), 2017, pp. 218-245.
5. https://www.forbes.com/sites/carminegallo/2024/03/17/the-power-of-storytellers-to-shape-our-world/
6. **Ibid**.
7. ਇਸ ਸਬੰਧੀ ਹਰਾਰੀ ਦਾ ਜਵਾਬ **Sapiens: A Brief History of Humankind** (London: Harvill




ISSN : 2395-1273

Secker, 2014) ਦਾ 'The Cognitive Revolution' ਚੈਪਟਰ ਜਾਂ ਉਸਦੀ ਧਾਰਨਾ The Power of Imagined Orders ਵੇਖੋ।

8. https://www.youtube.com/watch?v=L82XOw9sVkY
9. Roland Barthes, **Image Music Text**, Translated by Stephen Heath, Fontana Press, London, 1977, p.79
10. Jean-François Lyotard, **The Postmodern Condition: A Report on Knowledge Translation by Geoff Bennington and Brian Massumi**, Manchester University Press, Manchester, 1984, p. 27
11. ਬੌਦਰੀਲਾਰ (Jean Baudrillard) ਦੀ ਦ੍ਰਿਸ਼ਟੀ ਤੋਂ ਆਧੁਨਿਕ ਸੰਸਾਰ/ਸਮਾਜ ਨੂੰ ਸਮਝੀਏ ਤਾਂ ਇਸਦੀ ਅਸਲੀਅਤ ਚਿੰਨ੍ਹਾਂ ਅਤੇ ਪ੍ਰਤੀਕਾਂ ਵਿਚ ਢਲ਼ ਗਈ ਹੈ।
12. Yuval Noah Harari, **21 Lessons For The 21st Century**, Jonathan Cape, London, 2018, p.188
13. **Ibid**.
14. Amarjit Singh Grewal, **The Creative Uprising: Igniting a Revolution in the Age of Tech Feudalism**, 2024, p. 09.

◈